MORTGAGE EXPERT
ਮੋਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
- Residential Mortgage
- Construction Mortgage
- Commercial Loan
- Private Loan
SATNAM SAROYA
MORTGAGE SPECIALIST
HOMEKEY MORTGAGES INC.
604.760.9172
# 384-8148 128 St., Surrey
6303 Fraser St.,Vancouver

ਕੈਨੇਡਾ
# ਪੰਜਾਬ ਲਿੰਕ
WEEKLY NEWSPAPER VOL. : 11 ISSUE : 49 SATURDAY, 02 DECEMBER, 2023
www.punjablinkpaper.com 604-503-5465

Super Visa Insurance
ਅਸੀਂ ਘਰਾਂ ਅਤੇ ਕਾਰਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ।
ਸੁਪਰ ਵੀਜ਼ਾ
ਵਿਜ਼ਟਰ ਇੰਸ਼ੋਰੈਂਸ
- ਲਾਇਫ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
- ਵਿਜ਼ਟਰ ਇੰਸ਼ੋਰੈਂਸ
- RESP,RRSP's
- ਮੋਰਟਗੇਜ ਇੰਸ਼ੋਰੈਂਸ
- ਮਨੀ ਬੈਕ ਟਰਮ ਇੰਸ਼ੋਰੈਂਸ
- ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
- ਨੋਨ ਮੈਡੀਕਲ ਇੰਸ਼ੋਰੈਂਸ
ਜਸਵੀਰ ਗਰੇਵਾਲ
778.317.6262
jasvirgrewal0596@gmail.com

# ਨਿੱਝਰ ਦੇ ਕਤਲ ਨਾਲ ਜੁੜੀ ਹੋਈ ਸੀ ਪਨੂੰ ਨੂੰ ਮਾਰਨ ਦੀ ਕਥਿਤ ਸਾਜਿਸ਼-ਅਮਰੀਕੀ ਜਾਂਚ 'ਚ ਖੁਲਾਸਾ

ਨਿਊਯਾਰਕ-ਅਮਰੀਕੀ ਅਧਿਕਾਰੀਆਂ ਨੇ ਦੱਸਿਆ ਕਿ ਨਿਊਯਾਰਕ ਵਿਚ ਕੈਨੇਡੀਅਨ-ਅਮਰੀਕੀ ਸਿੱਖ ਕਾਰਕੁਨ ਗੁਰਪਤਵੰਤ ਸਿੰਘ ਪਨੂੰ ਨੂੰ ਮਾਰਨ ਦੀ ਨਾਕਾਮ ਕੀਤੀ ਯੋਜਨਾ ਦੀ ਜਾਂਚ ਵਿਚ ਇਸ ਸਾਲ ਦੇ ਸ਼ੁਰੂ ਵਿਚ ਬੀਸੀ ਦੇ ਸਿੱਖ ਵੱਖਵਾਦੀ ਨੇਤਾ ਹਰਦੀਪ ਸਿੰਘ ਨਿੱਝਰ ਨੂੰ ਸਰੀ ਦੇ ਗੁਰਦੁਆਰਾ ਸਾਹਿਬ ਦੀ ਪਾਰਕਿੰਗ ਵਿਚ ਕਤਲ ਕਰਨ ਅਤੇ ਭਾਰਤ ਸਰਕਾਰ ਵਲੋਂ ਕੈਨੇਡਾ ਵਿਚ ਕਤਲਾਂ ਦੀ ਲੜੀ ਨੂੰ ਅੰਜਾਮ ਦੇਣ ਦੀ ਕਥਿਤ ਸਾਜਿਸ਼ ਨਾਲ ਜੁੜੇ ਹੋਣ ਦਾ ਪਤਾ ਲੱਗਾ ਹੈ। ਨਿਊਯਾਰਕ ਵਿਚ ਇਕ ਅਪਰਾਧਿਕ ਦੋਸ਼ ਵਿਚ ਕਿਹਾ ਗਿਆ ਹੈ ਕਿ ਨਿੱਝਰ ਦੀ ਮੌਤ ਤੋਂ ਦੋ ਹਫ਼ਤੇ ਤੋਂ ਵੀ ਘੱਟ ਸਮਾਂ ਪਹਿਲਾਂ ਅਮਰੀਕਾ ਆਧਾਰਤ ਸਿੰਘ ਕਾਰਕੁਨ ਨੂੰ ਕਤਲ ਕਰਨ ਲਈ ਕਿਰਾਏ 'ਤੇ ਲਏ ਦੋਸ਼ੀ ਨੇ ਅਮਰੀਕਾ ਦੇ ਗੁਪਤ ਅਧਿਕਾਰੀ (ਅੰਡਰਕਵਰ ਅਫਸਰ) ਨੂੰ ਦੱਸਿਆ ਕਿ ਕੈਨੇਡਾ ਵਿਚ ਇਕ ਵੱਡਾ ਨਿਸ਼ਾਨਾ ਬਣਾਇਆ ਜਾਣਾ ਹੈ। ਅਦਾਲਤੀ ਦਸਤਾਵੇਜ਼ ਵਿਚ ਦੋਸ਼ ਲਗਾਇਆ ਗਿਆ ਕਿ ਭਾਰਤ ਸਰਕਾਰ ਦਾ ਇਕ ਮੁਲਾਜ਼ਮ ਉੱਤਰੀ ਅਮਰੀਕਾ ਵਿਚ ਸਿੱਖ ਕਾਰਕੁਨਾਂ ਨੂੰ ਮਾਰਨ ਲਈ ਕਈ ਹੱਤਿਆਵਾਂ ਦੀ ਸਾਜਿਸ਼ ਸਮੇਤ ਘਟਨਾਵਾਂ ਵਿਚ ਮਦਦ ਕਰ ਰਿਹਾ ਸੀ। ਕਥਿਤ ਅਮਰੀਕੀ ਯੋਜਨਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵਲੋਂ ਸਤੰਬਰ ਵਿਚ ਲਗਾਏ ਦੋਸ਼ਾਂ ਨਾਲ ਮੇਲ ਖਾਂਦੀ ਹੈ ਕਿ ਨਿੱਝਰ ਦੇ ਕਤਲ ਪਿੱਛੇ ਭਾਰਤ ਸਰਕਾਰ ਦਾ ਹੱਥ ਹੈ। ਟਰੂਡੋ ਨੇ ਕਿਹਾ ਕਿ ਅਮਰੀਕੀ ਦੋਸ਼ਾਂ ਤੋਂ ਪਤਾ ਲਗਦਾ ਹੈ ਕਿ ਜਦੋਂ ਉਸ ਨੇ ਭਾਰਤ ਸਰਕਾਰ ਖਿਲਾਫ ਦੋਸ਼ ਲਗਾਏ ਸਨ ਤਾਂ ਉਹ ਸਹੀ ਸੀ। ਉਨ੍ਹਾਂ ਕਿਹਾ ਕਿ ਅਮਰੀਕਾ ਤੋਂ ਆ ਰਹੀਆਂ ਖ਼ਬਰਾਂ ਇਸ ਗੱਲ 'ਤੇ ਜ਼ੋਰ ਦੇ ਰਹੀਆਂ ਹਨ ਕਿ ਭਾਰਤ ਨੂੰ ਇਸ ਨੂੰ ਗੰਭੀਰਤਾ ਨਾਲ ਲੈਣ ਦੀ ਲੋੜ ਹੈ। ਦੋਸ਼ ਵਿਚ ਅਮਰੀਕਾ ਰਹਿੰਦੇ ਸਿੱਖ ਕਾਰਕੁਨ ਦਾ ਨਾਂਅ ਦਾ ਜ਼ਿਕਰ ਨਹੀਂ



ਪਰ ਵਾਸ਼ਿੰਗਟਨ ਪੋਸਟ ਨੇ ਬਾਇਡੇਨ ਪ੍ਰਸ਼ਾਸਨ ਦੇ ਇਕ ਸੀਨੀਅਰ ਸਰੋਤ ਦੇ ਹਵਾਲੇ ਨਾਲ ਕਿਹਾ ਕਿ ਨਿਸ਼ਾਨਾ ਬਣਾਇਆ ਜਾਣ ਵਾਲਾ ਅਮਰੀਕਾ ਅਧਾਰਤ ਸਿੱਖਸ ਫਾਰ ਜਸਟਿਸ ਦਾ ਜਨਰਲ ਕੌਂਸਲ ਗੁਰਪਤਵੰਤ ਸਿੰਘ ਪਨੂੰ ਸੀ। ਇਹ ਸੰਗਠਨ ਉੱਤਰੀ ਭਾਰਤ ਵਿਚ ਆਜ਼ਾਦ ਸਿੱਖ ਰਾਜ ਖਾਲਿਸਤਾਨ ਬਣਾਉਣ ਲਈ ਮੁਹਿੰਮ ਚਲਾ ਰਿਹਾ ਹੈ।

*(ਬਾਕੀ ਸਫ਼ਾ 10 'ਤੇ)*

## ਭਾਰਤ ਨੇ ਕੀਤੀ ਜਾਂਚ ਸ਼ੁਰੂ

ਭਾਰਤੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਅਰਿੰਦਮ ਬਾਗਚੀ ਨੇ ਕਿਹਾ ਕਿ ਭਾਰਤ ਨੇ ਅਮਰੀਕਾ ਵਲੋਂ ਲਗਾਏ ਦੋਸ਼ਾਂ ਨੂੰ ਗੰਭੀਰਤਾ ਨਾਲ ਲਿਆ ਹੈ ਅਤੇ ਜਾਂਚ ਸ਼ੁਰੂ ਕੀਤੀ ਹੈ। ਉਨ੍ਹਾਂ ਦੱਸਿਆ ਕਿ ਦੁਵੱਲੇ ਸੁਰੱਖਿਆ ਸਹਿਯੋਗ ਸਬੰਧੀ ਚਰਚਾ ਦੌਰਾਨ ਅਮਰੀਕੀ ਧਿਰ ਨੇ ਸੰਗਠਿਤ ਅਪਰਾਧੀ, ਬੰਦੂਕਾਂ ਚਲਾਉਣ ਵਾਲਿਆਂ, ਅੱਤਵਾਦੀਆਂ ਤੇ ਦੂਸਰਿਆਂ ਵਿਚਕਾਰ ਗੱਠਜੋੜ ਬਾਰੇ ਜਾਣਕਾਰੀ ਦਿੱਤੀ ਹੈ। ਇਸ ਸੰਦਰਭ ਵਿਚ ਇਹ ਜਾਣਕਾਰੀ ਦਿੱਤੀ ਜਾਂਦੀ ਹੈ ਕਿ ਭਾਰਤ ਸਰਕਾਰ ਨੇ 18 ਨਵੰਬਰ 2023 ਨੂੰ ਮਾਮਲੇ ਦੇ ਸਬੰਧਤ ਪਹਿਲੂਆਂ ਦੀ ਘੋਖ ਲਈ ਇਕ ਉੱਚ ਪੱਧਰੀ ਜਾਂਚ ਕਮੇਟੀ ਗਠਿਤ ਕੀਤੀ ਹੈ। ਬਾਗਚੀ ਨੇ ਨਿੱਝਰ ਦੇ ਕਤਲ ਅਤੇ ਦੂਸਰੇ ਤਿੰਨ ਕੈਨੇਡੀਅਨ ਸੰਭਾਵੀ ਨਿਸ਼ਾਨਿਆਂ ਜਿਨ੍ਹਾਂ ਦਾ ਅਮਰੀਕੀ ਦੋਸ਼ਾਂ ਵਿਚ ਜ਼ਿਕਰ ਹੈ ਬਾਰੇ ਕੈਨੇਡੀਅਨ ਚਿੰਤਾਵਾਂ ਨੂੰ ਦੂਰ ਨਹੀਂ ਕੀਤਾ। ਭਾਰਤ ਨੇ ਨਿੱਝਰ ਦੇ ਕਤਲ ਵਿਚ ਕਿਸੇ ਵੀ ਸ਼ਮੂਲੀਅਤ ਤੋਂ ਇਨਕਾਰ ਕੀਤਾ ਹੈ ਅਤੇ ਟਰੂਡੋ ਵਲੋਂ ਲਗਾਏ ਦੋਸ਼ਾਂ ਕਾਰਨ ਭਾਰਤ ਅਤੇ ਕੈਨੇਡਾ ਵਿਚਕਾਰ ਕੂਟਨੀਤਕ ਦਰਾੜ ਪੈਦਾ ਹੋ ਗਈ ਹੈ। ਇਸੇ ਦੌਰਾਨ ਇਹ ਗੱਲ ਸਪਸ਼ਟ ਨਹੀਂ ਕਿ ਭਾਰਤ ਦੀ ਜਾਂਚ ਵਿਚ ਹੁਣ ਤਕ ਕੋਈ ਗੱਲ ਸਾਹਮਣੇ ਆਈ ਹੈ ਜਾਂ ਨਹੀਂ ਜਾਂ ਨਤੀਜਾ ਕੀ ਹੋਵੇਗਾ।



For All Kind of Real Estate Needs
ਕਾਬਲੀਅਤ, ਤਜ਼ਰਬਾ ਅਤੇ ਸਮਜਦਾਰੀ... ਘਰ ਖਰੀਦਣ ਅਤੇ ਵੇਚਣ ਲਈ ਕਾਲ ਕਰੋ।
MANPREET DIDDEN
PERSONAL REAL ESTATE CORPORATION
Sutton WestCoast Realty
604-773-7870
Top 10% Realtor Of Fraser Valley Board
info@manpreetdidden.com
www.manpreetdidden.com

ਕੀ ਤੁਸੀਂ ਕਰਜ਼ੇ ਵਿਚ ਹੋ?
20 ਵਰਿਆਂ ਤੋ ਵੱਧ ਦਾ ਤਜ਼ਰਬਾ
ਮੁਫਤ ਸਲਾਹ
ਸ਼ਾਮ ਅਤੇ ਵੀਕਐਂਡ ਤੇ ਵੀ ਅਪੌਇੰਟਮੈਂਟ
ARVINDER S. KALSEY AVINEET S. KALSEY
- ਕੀ ਤੁਹਾਡਾ ਵਾਲ-ਵਾਲ ਕਰਜ਼ੇ ਵਿਚ ਡੁਬਿਆ ਹੋਇਆ ਹੈ?
- ਅਸੀ ਤੁਹਾਡਾ ਅੱਧੇ ਤੋਂ ਜਿਆਦਾ ਕਰਜ਼ਾ ਮੁਆਫ ਕਰਵਾ ਸਕਦੇ ਹਾਂ।
Business Solutions
& Credit counselling services
#205 - 12033 - 92A Ave, Surrey
#1A - 2497 Clearbrook Rd. Abbotsford
604-951-8984
www.bscc.ca

BALLOWAL MONEY EXCHANGE
6418-Claytonwood Gate, Surrey
ਇੰਡੀਆ ਨੂੰ ਪੈਸੇ ਭੇਜਣ ਜਾਂ ਮੰਗਵਾਉਣ ਲਈ ਅੱਜ ਹੀ ਫੋਨ ਕਰੋ:
5 Hour Service Available
Sher Singh Grewal
604-749-1955

A- CLASS FOREIGN EXCHANGE INC.
ਤੁਸੀਂ ਇੰਡੀਆਂ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ ਨੂੰ ਟਰਾਂਸਵਰਲਡ ਟਰੈਵਲ 'ਚ ਮਿਲੋ
604-825-2222
(Inside Transworld Travel)
#119-12888 - 80th Ave., Surrey PH: 604-598-2222
32088 Cedar Lane, Abbotsford PH: 604-615-2222

Keep Smiling Denture Clinic
- Complete Denture
- Implant Denture
- Partial Denture
Care Home Mobile Service | ਮੁਫਤ ਸਲਾਹ ਲਈ ਅੱਜ ਹੀ ਮਿਲੋ
ਕੀ ਤੁਹਾਡੇ ਹੇਠਲੇ ਜਾਂ ਉਪਰਲੇ ਦੰਦ ਢਿੱਲੇ ਹਨ ਜਾਂ ਹੱਡੀ ਘਸੀ ਹੋਈ ਹੈ?
ਤਾਂ ਸਾਨੂੰ Suction Denture ਬਾਰੇ ਜਾਣਨ ਲਈ ਮਿਲੋ
ਅਸੀਂ ਜਾਪਾਨੀ ਤਕਨੀਕ ਨਾਲ ਦੰਦਾਂ ਨੂੰ ਫਿਟ ਬਣਾਉਣ ਲਈ ਵੀ ਪ੍ਰਮਾਣਿਤ (CERTIFIED) ਹਾਂ।
SEMCD
Gagan Chahal R.D.
Registered Denturist
778-600-0811 13117-67A Ave, Surrey, BC
778-600-0810 2644 Cyril St Abbotsford BC

ਇੰਸ਼ੋਰੈਂਸ ਦੇ ਮਾਹਰ
Aman INSURANCE
- ਲਾਇਫ ਇੰਸ਼ੋਰੈਂਸ
ਸੁਪਰ ਵੀਜ਼ਾ ਇੰਸ਼ੋਰੈਂਸ
- ਮੋਰਟਗੇਜ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
- ਵਿਜ਼ਟਰ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਕਰਿਟੀਕਲ ਇਲਨੈਸ ਇੰਸ਼ੋਰੈਂਸ
- ਮਨੀ ਬੈਕ ਟਰਮ ਇੰਸ਼ੋਰੈਂਸ
- ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
- ਨੋਨ ਮੈਡੀਕਲ ਇੰਸ਼ੋਰੈਂਸ
- RESP & RRSP's
ਅਮਨਦੀਪ ਦੁੱਗਲ
604-368-2030
604-375-0227
www.amaninsurance.ca

TRANSource FREIGHTWAYS
ਕੰਮ ਲਈ Drivers and Owner Operators ਚਾਹੀਦੇ ਹਨ।
ਬੀ ਸੀ ਤੋਂ ਅਲਬਰਟਾ ਅਤੇ ਅਲਬਰਟਾ ਤੋਂ ਬੀ ਸੀ
BC - ALBERTA ALBERTA - BC
Fuel and Insurance Paid by Company
NO DEDUCTIONS!!
ਓਨਰ ਓਪਰੇਟਰਾਂ ਨੂੰ ਲੋਕਲ ਅਤੇ ਹਾਈਵੇਅ ਰੂਟਾਂ ਵਾਸਤੇ ਹਾਇਰ ਕਰ ਰਹੀ ਹੈ
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ
SUKHBIR SINGH:604-525-0527 Ext 112
ਸ਼ਨੀਵਾਰ: 604-808-9805
Email:safety@transourcefreightways.com

mortgages lab
ਕਿਸੇ ਵੀ ਤਰ੍ਹਾਂ ਦੀ ਮੋਰਗੇਜ ਲੈਣ ਲਈ ਸੰਪਰਕ ਕਰੋ
- ਪਹਿਲੀ ਵਾਰ ਘਰ ਖਰੀਦੋ ਦੇ 5% down purchase ਨਾਲ
- ਖਰੀਦਣਾ, ਰਿਫਾਇਨਾਂਸ ਅਤੇ ਸਵਿੱਚ
- ਰੈਜ਼ੀਡੈਂਸ਼ਿਅਲ, ਕਮਰਸ਼ਿਅਲ ਅਤੇ ਲੈਂਡ ਮੋਰਗੇਜ
Rate hold from 6 months to 1 year
HARPREET SINGH
Mortgage Broker
Ph: 778.558.9745
harpreetfunding@gmail.com
@harpreetfunding
Get Preapproval in 2 Hours
Licensed professional mortgage broker

APNA DENTAL CENTRE
UNIT 306-A, 8035 120 STREET
DELTA, BC V4C 6P8
Dr. Pran Nath Vashisht
(Dentist)
TEL: 778-592-4400
apnadental.delta@gmail.com

ਪ੍ਰਦੇਸੀ Pardesi
SWEETS & RESTAURANT
Dine In - Take Out
ਤੁਸੀਂ ਸਾਡੇ ਸਟੋਰ ਤੋਂ ਹਰ ਤਰ੍ਹਾਂ ਦੀ ਮਠਿਆਈ ਲੈ ਸਕਦੇ ਹੋ
Veg & Non Veg Dishes
Samosa, Veg Pakora
Fish Pakora, Chicken Pakora
Sweets
604-591-1950 | #107 - 13588 - 88 Ave., Surrey

ਜ਼ੋਰਾਵਰ ਕੰਸਟਰਕਸ਼ਨ ਲਿਮ.
ਨਵੇਂ ਅਤੇ ਤਜ਼ਰਬੇਕਾਰ ਵਰਕਰਾਂ ਦੀ ਜ਼ਰੂਰਤ। ਵਧੀਆ ਤਨਖਾਹ, ਇਕ ਸਾਲ ਕੰਮ ਕਰਨ ਵਾਲਿਆਂ ਲਈ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਪੱਕੇ ਕਰਨ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।
ਨਵੇਂ ਪੁਰਾਣੇ ਘਰਾਂ ਅਤੇ ਕਮਰਸ਼ੀਅਲ ਬਿਲਡਿੰਗਾਂ ਦੇ ਤੱਸਲੀਬਖ਼ਸ਼ ਡਰਾਈਵਾਲ ਕੰਮ ਲਈ ਸਰੀ ਦੀ ਪ੍ਰਸਿੱਧ ਜ਼ੋਰਾਵਰ ਕੰਸਟਰਕਸ਼ਨ ਕੰਪਨੀ ਦੀਆਂ ਸੇਵਾਵਾਂ ਲਉ
Lakhvir Singh Grewal: 778-881-0002

S|T &|A Simpson, Thomas and Associates

# Get the legal support you need now.

Serving all of British Columbia

- Family Law
- Personal Injury
- Estate Litigation
- Employment Law
- Immigration Law
- Insurance Denials



We have translators fluent in Hindi and Punjabi.

Book your legal consultation

604 689 8888

simpsonthomas.com

**Surrey Office**
701 – 13761 96th Avenue
Surrey, BC V3V 0E8

**Vancouver Office**
501 – 808 Nelson Street
Vancouver, BC V6Z 2H2

Scan QR code to set up a legal consultation with us

BBB ACCREDITED BUSINESS

**Experienced lawyers for your legal needs.**

@stalawyers

ACCOUNTANT
axioaccounting.com
Personal & Corporate Tax Filing and other related services.
ਹਰ ਤਰਾਂ ਦੇ ਫਾਰਮ ਭਰਵਾਓ
#114-8028 128 St (Little India Plaza) Surrey, BC
AXiO Accounting + Tax
LAKHJIT S. SARANG
604-613-9100

PUNJAB LINK
# ਪੰਜਾਬ ਲਿੰਕ
WEEKLY NEWSPAPER VOL. : 11 ISSUE : 49 SATURDAY, 02 DECEMBER, 2023
www.punjablinkpaper.com 604-503-5465

ਰੇਡੀਓ ਪੰਜਾਬ ਹੁਣ AM 1600 ਅਤੇ 105.3 FM 'ਤੇ
ਰੇਡੀਓ ਪੰਜਾਬ Radio Punjab
ਤਿੰਨ ਰੰਗ
6pm to 9pm
B.C. Time
Every Weekend
Amarjit Singh
Studio: #300 12960 84AVE Surrey
Ph: 604 335 1313
www.radiopunjab.ca

## ਪੰਜਾਬ ਵਿਧਾਨ ਸਭਾ ਇਜਲਾਸ ਅਣਮਿਥ ਸਮੇਂ ਲਈ ਉਠਾਇਆ

### ਵਿਰੋਧੀ ਧਿਰ ਦੇ ਬਾਈਕਾਟ ਦਰਮਿਆਨ ਚਾਰ ਅਹਿਮ ਬਿੱਲ ਪਾਸ

ਚੰਡੀਗੜ੍ਹ-ਪੰਜਾਬ ਵਿਧਾਨ ਸਭਾ ਦੇ ਸਰਦ ਰੁੱਤ ਇਜਲਾਸ ਦਾ ਆਖਰੀ ਦਿਨ ਹੰਗਾਮਾ ਭਰਪੂਰ ਰਿਹਾ। ਵਿਰੋਧੀ ਧਿਰ ਦੇ ਰੌਲੇ-ਰੱਪੇ ਦੌਰਾਨ ਹੀ ਚਾਰ ਅਹਿਮ ਬਿੱਲ ਸਰਬਸੰਮਤੀ ਨਾਲ ਪਾਸ ਕਰ ਦਿੱਤੇ ਗਏ। ਮੁੱਖ ਵਿਰੋਧੀ ਧਿਰ ਕਾਂਗਰਸ ਨੇ ਸੈਸ਼ਨ ਦੇ ਪਹਿਲੇ ਦਿਨ ਸੰਜਮ ਵਰਤਣ ਮਗਰੋਂ ਇਜਲਾਸ ਦੀ ਸਮਾਪਤੀ ਵਾਲੇ ਦਿਨ ਆਪਣੀ ਹੋਂਦ ਦਾ ਅਹਿਸਾਸ ਕਰਾਉਂਦੇ ਹੋਏ ਨਾਅਰੇਬਾਜ਼ੀ ਕਰਕੇ ਸਦਨ 'ਚੋਂ ਵਾਕਆਊਟ ਕੀਤਾ। ਵਿਰੋਧੀ ਧਿਰ ਨੇ ਅਮਨ-ਕਾਨੂੰਨ ਦੀ ਵਿਵਸਥਾ 'ਤੇ ਚਰਚਾ ਲਈ ਸੈਸ਼ਨ ਦੀ ਮਿਆਦ ਵਧਾਉਣ ਦੀ ਮੰਗ ਨੂੰ ਲੈ ਕੇ ਸੱਤਾਧਾਰੀ ਧਿਰ ਨੂੰ ਨਿਸ਼ਾਨੇ 'ਤੇ ਲਿਆ। ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਬਿੱਲ ਪਾਸ ਹੋਣ ਮਗਰੋਂ ਦੋ ਦਿਨਾ ਸੈਸ਼ਨ ਅਣਮਿਥੇ ਸਮੇਂ ਲਈ ਉਠਾ ਦਿੱਤਾ। ਮੁੱਖ ਮੰਤਰੀ ਭਗਵੰਤ ਮਾਨ ਅੱਜ ਸਦਨ 'ਚੋਂ ਗ਼ੈਰਹਾਜ਼ਰ ਰਹੇ। ਜਿਵੇਂ ਹੀ ਧਿਆਨ ਦਿਵਾਊ ਮਤਿਆਂ ਦੀ ਸਮਾਪਤੀ ਹੋਈ ਤਾਂ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਸੈਸ਼ਨ ਦਾ ਸਮਾਂ ਵਧਾਉਣ ਦੀ ਮੰਗ ਕਰਦਿਆਂ ਕਿਹਾ ਕਿ ਅਮਨ-ਕਾਨੂੰਨ ਦੀ ਵਿਵਸਥਾ ਅਤੇ ਨਸ਼ਿਆਂ ਦੇ ਮੁੱਦੇ 'ਤੇ ਸਦਨ 'ਚ ਚਰਚਾ ਕੀਤੀ ਜਾਣੀ ਲਾਜ਼ਮੀ ਹੈ। ਉਨ੍ਹਾਂ ਇਤਰਾਜ਼ ਕੀਤਾ ਕਿ ਗ਼ੈਰ ਸਰਕਾਰੀ ਮਤੇ ਬਾਰੇ ਵੀ ਸਦਨ ਵਿਚ ਕੁੱਝ ਨਹੀਂ ਦੱਸਿਆ ਗਿਆ। ਇਸ ਦੌਰਾਨ ਗਾਇਕ ਗਿੱਪੀ ਗਰੇਵਾਲ ਨੂੰ ਮਿਲ ਰਹੀਆਂ ਧਮਕੀਆਂ ਦਾ ਵੀ ਜ਼ਿਕਰ ਕੀਤਾ ਗਿਆ। ਪੰਜਾਬ ਵਿਧਾਨ ਸਭਾ ਨੇ ਸਦਨ ਵਿਚ ਚਾਰ ਅਹਿਮ ਬਿੱਲ ਸਰਬਸੰਮਤੀ ਨਾਲ ਪਾਸ ਕੀਤੇ ਹਨ।

# ਰਾਜੋਆਣਾ ਦੇ ਮਾਮਲੇ ਤੇ ਸ਼੍ਰੋਮਣੀ ਕਮੇਟੀ ਨੇ ਪੰਥਕ ਨੁਮਾਇੰਦਿਆਂ ਦੀ ਮੀਟਿੰਗ ਸੱਦੀ

ਅੰਮ੍ਰਿਤਸਰ (ਜਗਤਾਰ ਸਿੰਘ ਲਾਂਬਾ)-ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਹੋਈ ਹੰਗਾਮੀ ਇਕੱਤਰਤਾ ਵਿੱਚ ਭਾਈ ਬਲਵੰਤ ਸਿੰਘ ਰਾਜੋਆਣਾ ਦੇ ਮਾਮਲੇ 'ਤੇ ਕੋਈ ਠੋਸ ਫ਼ੈਸਲਾ ਲੈਣ 'ਚ ਫਿਲਹਾਲ ਝਿਜਕ ਮਹਿਸੂਸ ਕੀਤੀ ਗਈ ਅਤੇ ਕਮੇਟੀ ਨੇ ਹੁਣ ਇਸ ਮਾਮਲੇ 'ਚ ਪੰਥਕ ਧਿਰਾਂ ਦੇ ਨੁਮਾਇੰਦਿਆਂ ਦੀ ਸਲਾਹ ਲੈਣ ਵਾਸਤੇ 2 ਦਸੰਬਰ ਨੂੰ ਇੱਕ ਹੋਰ ਮੀਟਿੰਗ ਸੱਦੀ ਹੈ। ਇਸ ਦੌਰਾਨ ਅੰਤ੍ਰਿੰਗ ਕਮੇਟੀ ਨੇ ਰਾਜੋਆਣਾ ਨੂੰ 5 ਦਸੰਬਰ ਤੋਂ ਭੁੱਖ ਹੜਤਾਲ ਸ਼ੁਰੂ ਕਰਨ ਦਾ ਫ਼ੈਸਲਾ ਵਾਪਸ ਲੈਣ ਦੀ ਅਪੀਲ ਵੀ ਕੀਤੀ ਹੈ। ਅੰਤ੍ਰਿੰਗ ਕਮੇਟੀ ਦੀ ਇਹ ਵਿਸ਼ੇਸ਼ ਮੀਟਿੰਗ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਵਿੱਚ ਹੋਈ, ਜਿਸ ਵਿੱਚ ਰਾਜੋਆਣਾ ਵੱਲੋਂ ਭੇਜੇ ਗਏ ਪੱਤਰ 'ਤੇ ਕਰੀਬ ਤਿੰਨ ਘੰਟੇ ਵਿਚਾਰ ਕੀਤਾ ਗਿਆ। ਇਹ ਹੰਗਾਮੀ ਮੀਟਿੰਗ 72 ਘੰਟੇ ਦੇ ਨੋਟਿਸ 'ਤੇ ਇੱਕ ਨੁਕਾਤੀ ਏਜੰਡੇ 'ਤੇ ਹੀ ਸੱਦੀ ਗਈ ਸੀ। ਸ਼੍ਰੋਮਣੀ ਕਮੇਟੀ ਪ੍ਰਧਾਨ ਧਾਮੀ ਨੇ ਮੀਟਿੰਗ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਕਿ ਭਾਈ ਬਲਵੰਤ ਸਿੰਘ ਰਾਜੋਆਣਾ ਨੇ ਭੇਜੇ ਗਏ ਪੱਤਰ ਵਿੱਚ ਸ਼੍ਰੋਮਣੀ ਕਮੇਟੀ ਨੂੰ ਆਪਣੀ ਪਟੀਸ਼ਨ ਵਾਪਸ ਲੈਣ ਲਈ ਕਿਹਾ ਸੀ ਅਤੇ ਇਸ ਦੇ ਨਾਲ ਹੀ 5 ਦਸੰਬਰ ਤੋਂ ਭੁੱਖ ਹੜਤਾਲ ਸ਼ੁਰੂ ਕਰਨ ਦੀ ਗੱਲ ਕੀਤੀ ਹੈ। ਉਨ੍ਹਾਂ ਕਿਹਾ ਕਿ ਇਹ ਮਾਮਲਾ ਬੇਹੱਦ ਸੰਜੀਦਾ ਹੈ, ਜਿਸ 'ਤੇ ਪੰਥਕ ਨੁਮਾਇੰਦਿਆਂ ਦੇ ਵਿਚਾਰ ਜਾਣ ਕੇ ਸਾਂਝੀ ਰਾਏ ਮੁਤਾਬਕ ਹੀ ਅਗਲੇਰਾ ਕੋਈ ਫ਼ੈਸਲਾ ਲਿਆ ਜਾ ਸਕਦਾ ਹੈ। ਸ਼੍ਰੋਮਣੀ ਕਮੇਟੀ ਵੱਲੋਂ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਮੁਆਫ਼ੀ ਸਬੰਧੀ 2012 ਵਿੱਚ ਰਾਸ਼ਟਰਪਤੀ ਕੋਲ ਪਟੀਸ਼ਨ ਪਾਈ ਗਈ ਸੀ। ਉਨ੍ਹਾਂ ਕਿਹਾ ਕਿ ਇਸ ਪਟੀਸ਼ਨ 'ਤੇ ਸ਼੍ਰੋਮਣੀ ਕਮੇਟੀ ਵੱਲੋਂ ਆਪਣੇ ਤੌਰ 'ਤੇ ਕੋਈ ਵੀ ਫ਼ੈਸਲਾ ਲਿਆ ਜਾਣਾ ਜਲਦਬਾਜ਼ੀ ਹੋਵੇਗੀ। ਇਸ ਲਈ ਅੰਤ੍ਰਿੰਗ ਕਮੇਟੀ ਨੇ ਫ਼ੈਸਲਾ ਲਿਆ ਹੈ ਕਿ ਵੱਖ-ਵੱਖ ਪੰਥਕ ਧਿਰਾਂ ਦੇ ਵਿਚਾਰ ਲਏ ਜਾਣੇ ਜ਼ਰੂਰੀ ਹਨ, ਜਿਸ ਦੇ ਮੱਦੇਨਜ਼ਰ 2 ਦਸੰਬਰ ਨੂੰ ਪੰਥਕ ਧਿਰਾਂ ਦੇ ਨੁਮਾਇੰਦਿਆਂ ਨਾਲ ਮੀਟਿੰਗ ਕੀਤੀ ਜਾਵੇਗੀ। ਇਸ ਸਬੰਧ 'ਚ ਸ੍ਰੀ ਅਕਾਲ ਤਖ਼ਤ ਦੇ ਆਦੇਸ਼ਾਂ ਅਨੁਸਾਰ ਕਾਇਮ 11 ਮੈਂਬਰੀ ਕਮੇਟੀ ਦੇ ਮੈਂਬਰਾਂ ਸਮੇਤ ਕੁਝ ਹੋਰ ਪੰਥਕ ਨੁਮਾਇੰਦਿਆਂ ਨੂੰ ਸੱਦਿਆ ਜਾਵੇਗਾ। ਇਸ ਮਗਰੋਂ ਸ਼੍ਰੋਮਣੀ ਕਮੇਟੀ ਵੱਲੋਂ ਮੁੜ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਕੀਤੀ ਜਾਵੇਗੀ, ਤਾਂ ਜੋ ਪੰਥਕ ਭਾਵਨਾਵਾਂ ਅਨੁਸਾਰ ਹੀ ਕੋਈ ਠੋਸ ਫ਼ੈਸਲਾ ਲਿਆ ਜਾ ਸਕੇ। ਇਸ ਮਾਮਲੇ 'ਚ ਕੇਂਦਰ ਸਰਕਾਰ ਦੀ ਨਿਖੇਧੀ ਕਰਦਿਆਂ ਉਨ੍ਹਾਂ ਆਖਿਆ ਕਿ ਸਰਕਾਰ ਵੱਲੋਂ 2019 'ਚ ਭਾਈ ਰਾਜੋਆਣਾ ਦੀ ਸਜ਼ਾ ਤਬਦੀਲੀ ਦਾ ਐਲਾਨ ਕੀਤਾ ਗਿਆ ਸੀ ਪਰ ਅਫ਼ਸੋਸ ਕਿ ਹਾਲੇ ਤੱਕ ਸਰਕਾਰ ਨੇ ਫ਼ੈਸਲਾ ਲਾਗੂ ਨਹੀਂ ਕੀਤਾ। ਇਸ ਮਗਰੋਂ ਰਾਜੋਆਣਾ ਦੀ ਪਟੀਸ਼ਨ 'ਤੇ ਸੁਪਰੀਮ ਕੋਰਟ ਦੇ ਆਦੇਸ਼ ਨੂੰ ਵੀ ਸਰਕਾਰ ਨੇ ਨਜ਼ਰਅੰਦਾਜ਼ ਕੀਤਾ ਹੈ ਅਤੇ ਅਜਿਹਾ ਕਰ ਕੇ ਸਰਕਾਰਾਂ ਸਿੱਖਾਂ ਅੰਦਰ ਬੇਭਰੋਸਗੀ ਵਾਲਾ ਮਾਹੌਲ ਸਿਰਜ ਰਹੀਆਂ ਹਨ, ਜੋ ਦੇਸ਼ ਦੇ ਹਿੱਤ ਵਿੱਚ ਨਹੀਂ ਹੈ। ਮੀਟਿੰਗ 'ਚ ਸੀਨੀਅਰ ਮੀਤ ਪ੍ਰਧਾਨ ਹਰਭਜਨ ਸਿੰਘ ਮਸਾਣਾ, ਜੂਨੀਅਰ ਮੀਤ ਪ੍ਰਧਾਨ ਗੁਰਬਖ਼ਸ਼ ਸਿੰਘ ਖ਼ਾਲਸਾ, ਜਨਰਲ ਸਕੱਤਰ ਭਾਈ ਰਾਜਿੰਦਰ ਸਿੰਘ ਮਹਿਤਾ, ਅੰਤ੍ਰਿੰਗ ਕਮੇਟੀ ਮੈਂਬਰਾਂ ਸਮੇਤ ਅਧਿਕਾਰੀ ਆਦਿ ਸ਼ਾਮਲ ਸਨ।



GOLDMINE INSURANCE
A MEMBER OF ALL CANADIAN INSURANCE
Home, Business, Auto ICBC autoplan
Prorate, Cargo, Life, Disability
Critical, Travel Visitor & Medical
ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਸਪੰਰਕ ਕਰੋ
MALKIT (MIKE) JHAND
B.Sc, L.L.B
Managing Director
604-537-2000
Email: malkit@goldmineinsurance.ca

ਫਾਸਟ ਡਰਾਈਵਾਲ
Complete Drywall Services
ਵਰਕਰਾਂ ਦੀ ਜ਼ਰੂਰਤ
ਸਾਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਜਰਬੇ ਦੇ ਅਧਾਰ ਤੇ ਤਨਖਾਹ $20 ਤੋਂ $25 ਦਿੱਤੀ ਜਾਵੇਗੀ। ਲਗਾਤਾਰ ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਹੋਣ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਇਡ ਦਾ ਪ੍ਰਬੰਧ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਸਾਹਿਬ ਸਿੰਘ
778-863-9000

# ਨੌਕਰੀ ਬਹਾਨੇ ਖਾੜੀ ਦੇਸ਼ਾਂ 'ਚ ਕੀਤਾ ਜਾ ਰਿਹੈ ਲੜਕੀਆਂ ਦਾ ਸੋਸ਼ਨ

## ਇਰਾਕ ਤੋਂ ਪਰਤੀਆਂ ਲੜਕੀਆਂ ਨੇ ਸੰਤ ਸੀਚੇਵਾਲ ਨੂੰ ਮਿਲ ਕੇ ਹੱਡਬੀਤੀ ਸੁਣਾਈ

ਜਲੰਧਰ (ਪਾਲ ਸਿੰਘ ਨੌਲੀ)-ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਦੇ ਯਤਨਾਂ ਸਦਕਾ ਇਰਾਕ ਤੋਂ ਪਰਤੀਆਂ ਦੋ ਲੜਕੀਆਂ ਨੇ ਆਪਣੀ ਹੱਡਬੀਤੀ ਸੁਣਾਈ। ਉਨ੍ਹਾਂ ਦੱਸਿਆ ਕਿ ਟਰੈਵਲ ਏਜੰਟਾਂ ਨੇ ਉਨ੍ਹਾਂ ਦਾ ਇਰਾਕ ਵਿੱਚ ਸੌਦਾ ਕੀਤਾ ਸੀ। ਇਨ੍ਹਾਂ ਲੜਕੀਆਂ ਨਾਲ ਮਲੇਸ਼ੀਆ ਤੋਂ ਇੱਕ ਲੜਕਾ ਵੀ ਵਤਨ ਪਰਤਿਆ ਹੈ, ਜੋ ਕਿ ਉੱਥੇ ਜੇਲ੍ਹ ਵਿੱਚ ਬੰਦ ਸੀ। ਇਨ੍ਹਾਂ ਲੜਕੀਆਂ ਨੇ ਸੁਲਤਾਨਪੁਰ ਲੋਧੀ ਸਥਿਤ ਨਿਰਮਲ ਕੁਟੀਆ ਵਿੱਚ ਸੰਤ ਬਲਬੀਰ ਸਿੰਘ ਸੀਚੇਵਾਲ ਨਾਲ ਮੁਲਾਕਾਤ ਕਰ ਕੇ ਉਨ੍ਹਾਂ ਦਾ ਧੰਨਵਾਦ ਕੀਤਾ। ਜ਼ਿਕਰਯੋਗ ਹੈ ਕਿ ਅਕਤੂਬਰ ਤੇ ਨਵੰਬਰ ਮਹੀਨੇ ਦੌਰਾਨ ਹੁਣ ਤੱਕ 12 ਲੜਕੀਆਂ ਨੂੰ ਓਮਾਨ ਤੇ ਇਰਾਕ 'ਚੋਂ ਵਾਪਸ ਭਾਰਤ ਲਿਆਂਦਾ ਗਿਆ ਹੈ। ਰਾਜ ਸਭਾ ਮੈਂਬਰ ਬਣਨ ਮਗਰੋਂ ਸੰਤ ਸੀਚੇਵਾਲ ਦੇ ਯਤਨਾਂ ਸਕਦਾ ਹੁਣ ਤੱਕ 60 ਲੜਕੀਆਂ ਵਤਨ ਪਰਤੀਆਂ ਹਨ। ਟਰੈਵਲ ਏਜੰਟਾਂ ਦੇ ਇਸ ਗੰਭੀਰ ਜੁਰਮ ਦਾ ਸਖ਼ਤ ਨੋਟਿਸ ਲੈਂਦਿਆਂ ਸੰਤ ਸੀਚੇਵਾਲ ਨੇ ਕਿਹਾ ਕਿ ਅਜਿਹੇ ਟਰੈਵਲ ਏਜੰਟ ਗਰੀਬ



ਪਰਿਵਾਰਾਂ ਦੀਆਂ ਲੜਕੀਆਂ ਨੂੰ ਗੁੰਮਰਾਹ ਕਰ ਕੇ ਉਨ੍ਹਾਂ ਨੂੰ ਖਾੜੀ ਦੇਸ਼ਾਂ ਵਿੱਚ ਲਿਜਾ ਕੇ ਵੇਚ ਰਹੇ ਹਨ। ਇਰਾਕ ਤੋਂ ਪਰਤੀਆਂ ਦੋਵੇਂ ਲੜਕੀਆਂ ਨੇ ਦੱਸਿਆ ਕਿ ਉਹ ਬੀਤੀ 10 ਜੁਲਾਈ ਨੂੰ ਇਰਾਕ ਗਈਆਂ ਸਨ। ਦੋਹਾਂ ਨੂੰ ਫਗਵਾੜਾ ਦੀ ਵਸਨੀਕ ਮਨਦੀਪ ਕੌਰ ਨਾਂ ਦੀ ਟਰੈਵਲ ਏਜੰਟ ਨੇ 80-80 ਹਜ਼ਾਰ ਰੁਪਏ ਲੈ ਕੇ ਪਹਿਲਾਂ ਦੁਬਈ ਭੇਜਿਆ ਤੇ ਉੱਥੇ ਅੱਠ ਘੰਟੇ ਹਵਾਈ ਅੱਡੇ 'ਤੇ ਰੁਕਣ ਮਗਰੋਂ ਇਰਾਕ ਭੇਜ ਦਿੱਤਾ ਗਿਆ। ਦੋਹਾਂ ਨੂੰ ਰੈਸਤਰਾਂ ਵਿੱਚ ਪੰਜਾਹ ਹਜ਼ਾਰ ਰੁਪਏ ਪ੍ਰਤੀ ਮਹੀਨਾ ਤਨਖ਼ਾਹ ਵਾਲੀ ਨੌਕਰੀ ਦਿਵਾਉਣ ਦੀ ਗੱਲ ਆਖੀ ਗਈ ਸੀ, ਪਰ ਲੜਕੀਆਂ ਨੂੰ ਇਰਾਕ ਪੁੱਜ ਕੇ ਪਤਾ ਲੱਗਿਆ ਕਿ ਉਨ੍ਹਾਂ ਦਾ ਸੌਦਾ ਕੀਤਾ ਗਿਆ ਹੈ। ਇਨ੍ਹਾਂ ਲੜਕੀਆਂ ਕੋਲੋਂ ਦੇਰ ਰਾਤ ਤੱਕ ਕੰਮ ਕਰਵਾਇਆ ਜਾਂਦਾ ਸੀ ਤੇ ਕੰਮ ਨਾ ਕਰਨ ਦੀ ਸੂਰਤ ਵਿੱਚ ਕੁੱਟਮਾਰ ਕੀਤੀ ਜਾਂਦੀ ਸੀ। ਉਨ੍ਹਾਂ ਇਹ ਵੀ ਦੱਸਿਆ ਕਿ ਵਿਰੋਧ ਕਰਨ ਵਾਲੀਆਂ ਲੜਕੀਆਂ ਨੂੰ ਨਿਰਵਸਤਰ ਕਰ ਕੇ ਗੁਸਲਖਾਨਿਆਂ ਵਿੱਚ ਬੰਦ ਕਰ ਦਿੱਤਾ ਜਾਂਦਾ ਸੀ। ਸੰਤ ਸੀਚੇਵਾਲ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਤੇ ਡੀਜੀਪੀ ਗੌਰਵ ਯਾਦਵ ਨੂੰ ਅਪੀਲ ਕੀਤੀ ਕਿ ਅਜਿਹੇ ਟਰੈਵਲ ਏਜੰਟਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇ।

Canadian Surrey Veggie pizza
100% ਵੈਜ਼ੀ ਅਦਰਕ ਧਨੀਏ ਵਾਲਾ ਕਰਾਰਾ ਪੀਜ਼ਾ
THINK VEGGIE
Surrey Punjabi Style Pizza
ਅਸੀਂ 2 ਕਿਲੋਮੀਟਰ ਦੇ ਅੰਦਰ ਡਿਲਵਰੀ ਵੀ ਕਰਦੇ ਹਾਂ
Time: 11am to 11pm
604-593-1110
#106 - 8077 King George Blvd, Surrey

HARVEER ACCOUNTING SERVICES
ਅਸੀਂ ਹਰ ਤਰ੍ਹਾਂ ਦੀਆਂ ਟੈਕਸ ਅਤੇ ਇੰਮੀਗ੍ਰੇਸ਼ਨ ਸੇਵਾਵਾਂ ਪ੍ਰਦਾਨ ਕਰਦੇ ਹਾਂ
ਅਸੀਂ ਟੈਕਸ ਭਰਨ ਦੇ $30 ਲੇਂਦੇ ਹਾਂ
Baljinder K. Sandhu
778-847-2800
6522 - 141B St., Surrey
harveerservices@gmail.com

So Easy ਲਰਨਿੰਗ ਲਾਇਸੈਂਸ
(ਦੀ ਤਿਆਰੀ ਕੰਪਿਊਟਰ ਨਾਲ ਕਰਵਾਂਉਦੇ ਹਾਂ)
604.614.5365
#15-8388-128 St., Surrey
(ਗਰੈਂਡ ਤਾਜ ਬੈਂਕੁਇਟ ਹਾਲ ਦੇ ਪਿਛਲੇ ਪਾਸੇ)
• ਕਾਰ • ਟਰੱਕ
• ਆਟੋਮੈਟਿਕ ਟਰੱਕ
• ਮੋਟਰਸਾਇਕਲ
• ਟੈਕਸੀ ਜਾਂ ਏਅਰ ਬਰੇਕ
ਅਸੀਂ ਕੰਪਿਊਟਰ ਤੇ ਆਪ ਟੈਸਟ ਲੈਂਦੇ ਹਾਂ
ਅਸੀਂ ਸਿਟੀਜ਼ਨਸ਼ਿਪ ਟੈਸਟ ਦੀ ਤਿਆਰੀ ਵੀ ਕੰਪਿਊਟਰ ਨਾਲ ਕਰਵਾਉਂਦੇ ਹਾਂ
ਲਾਇਸੈਂਸ ਲੈਣ ਲਈ ਸੰਪਰਕ ਕਰੋ

NOTARY PUBLIC
AANCHAL GHAI
604-503-2227
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
• Property Purchase Sales/Mortgage
• Power of Attorney
• Wills • Affidavits
• Visitation Letters
• Statutory Declarations
BC Notaries
Payal Business Centre 80 ਐਵਨਿਊ ਵਾਲੇ ਪਾਸੇ
www.ghainotary.ca
#151-12899 80th Ave, Surrey
Email: aanchal@ghainotary.ca

# ਪਲੇਟਫਾਰਮ 'ਤੇ ਖ਼ਬਰਾਂ ਪਾਉਣ ਲਈ ਕੈਨੇਡਾ ਸਰਕਾਰ ਤੇ ਗੂਗਲ ਵਿਚਕਾਰ 10 ਕਰੋੜ ਡਾਲਰ ਦਾ ਸਮਝੌਤਾ

ਓਟਵਾ-ਆਨਲਾਈਨ ਨਿਊਜ਼ ਐਕਟ ਨੂੰ ਲੈ ਕੇ ਮਹੀਨਿਆਂ ਬੱਧੀ ਗੱਲਬਾਤ ਪਿੱਛੋਂ ਫੈਡਰਲ ਸਰਕਾਰ ਅਤੇ ਗੂਗਲ ਇਕ ਸਮਝੌਤੇ 'ਤੇ ਪਹੁੰਚ ਗਏ ਹਨ ਜਿਸ ਤਹਿਤ ਇਹ ਦਿਗਜ ਕੰਪਨੀ ਕੈਨੇਡੀਅਨ ਨਿਊਜ਼ ਸੰਗਠਨਾਂ ਨੂੰ ਇਕ ਸਾਲ ਵਿਚ 100 ਮਿਲੀਅਨ ਡਾਲਰ (10 ਕਰੋੜ ਡਾਲਰ) ਅਦਾ ਕਰੇਗੀ। ਇਸ ਸਮਝੌਤੇ ਨਾਲ ਗੂਗਲ ਦੀ ਕੈਨੇਡੀਅਨਾਂ ਦੀ ਪਲੇਟਫਾਰਮ 'ਤੇ ਖ਼ਬਰਾਂ ਤਕ ਪਹੁੰਚ ਨੂੰ ਰੋਕਣ ਦੀ ਦਿੱਤੀ ਧਮਕੀ ਖਤਮ ਹੋ ਜਾਵੇਗੀ। ਸਮਝੌਤੇ ਦਾ ਐਲਾਨ ਕਰਦਿਆਂ ਹੈਰੀਟੇਜ ਮੰਤਰੀ ਪਾਸਕੇਲ ਸੇਂਟ-ਓਂਜ ਨੇ ਕਿਹਾ ਕਿ ਸਰਕਾਰ ਨੇ ਗੂਗਲ ਨੂੰ ਬਿਲਕੁਲ ਕੋਈ ਰਿਆਇਤ ਨਹੀਂ ਦਿੱਤੀ ਪਰ ਕੰਪਨੀ ਨੇ ਕਿਹਾ ਕਿ ਫੈਡਰਲ ਸਰਕਾਰ ਨੇ ਉਸ ਦੀਆਂ ਮੁੱਖ ਮੰਗਾਂ ਮੰਨ ਲਈਆਂ ਹਨ ਜਿਨ੍ਹਾਂ ਵਿਚ ਸਮੁੱਚੀ ਰਕਮ ਨੂੰ ਘਟਾਉਣਾ ਜਿਹੜੀ ਨਿਊਜ਼ ਇੰਡਸਟਰੀ ਨੂੰ ਅਦਾ ਕੀਤੀ ਜਾਣੀ ਹੈ ਅਤੇ ਹਰੇਕ ਨਿਊਜ਼ ਆਊਟਲੈਟ ਨੂੰ ਵਿਅਕਤੀਗਤ ਪੇਮੈਂਟ ਕਰਨ ਦੀ ਬਜਾਏ ਇਕ ਕਿਸਮ ਦੇ ਫੰਡ ਵਿਚ ਪੈਸੇ ਅਦਾ ਕਰਨ ਦੀ ਮੰਗ ਸ਼ਾਮਿਲ ਹੈ। ਜਦੋਂ ਸੰਸਦੀ ਕਮੇਟੀਆਂ ਵਿਚ ਆਨਲਾਈਨ ਨਿਊਜ਼ ਐਕਟ ਜਿਸ ਨੂੰ ਬਿੱਲ ਸੀ-18 ਕਰਕੇ ਵੀ ਜਾਣਿਆਂ ਜਾਂਦਾ ਹੈ 'ਤੇ ਚਰਚਾ ਕੀਤੀ ਜਾ ਰਹੀ ਸੀ ਤਾਂ ਗੂਗਲ ਨੇ ਇਸ ਤਰ੍ਹਾਂ ਦੇ ਫੰਡ ਦੀ ਵਕਾਲਤ ਕੀਤੀ ਸੀ। ਸਮਝੌਤੇ ਤਹਿਤ ਗੂਗਲ ਮਹਿੰਗਾਈ ਨੂੰ ਸੂਚੀਬੱਧ ਕਰਕੇ ਇਕ ਸਾਲ ਵਿਚ 10 ਕਰੋੜ ਡਾਲਰ ਅਦਾ ਕਰੇਗਾ ਅਤੇ ਇਹ ਪੈਸਾ ਯੋਗ ਨਿਊਜ਼ ਕਾਰੋਬਾਰਾਂ ਨੂੰ ਉਨ੍ਹਾਂ ਦੇ ਫੁੱਲ ਟਾਈਮ ਪੱਤਰਕਾਰਾਂ ਦੀ ਗਿਣਤੀ ਦੇ ਆਧਾਰਤ 'ਤੇ ਵੰਡਿਆ ਜਾਵੇਗਾ।







## ਡਾਓ ਕੈਮੀਕਲ ਵਲੋਂ ਅਲਬਰਟਾ ਵਿਚ 11.5 ਬਿਲੀਅਨ ਡਾਲਰ ਦੇ ਪ੍ਰਾਜੈਕਟ ਦਾ ਐਲਾਨ

ਐਡਮਿੰਟਨ-ਡਾਓ ਕੈਮੀਕਲ ਇੰਕ ਡਾਓ-ਇਨ ਅਗਲੇ ਸਾਲ ਆਪਣੇ ਐਡਮਿੰਟਨ-ਏਰੀਆ ਕੈਮੀਕਲਜ਼ ਪਲਾਂਟ ਵਿਚ ਸੁਧਾਰ ਤੇ ਵਿਸਤਾਰ ਸ਼ੁਰੂ ਕਰਨ ਲਈ ਤਿਆਰ ਹੈ ਅਤੇ ਕੰਪਨੀ ਦਾ ਦਾਅਵਾ ਹੈ ਕਿ ਇਹ ਦੁਨੀਆ ਦੀ ਪਹਿਲੀ ਏਥੀਲੀਨ ਕਰੈਕਰ ਉਦਯੋਗਿਕ ਫੈਸਿਲਟੀ ਹੋਵੇਗੀ ਜਿਹੜੀ ਨੈੱਟ-ਜ਼ੀਰੋ ਗ੍ਰੀਨ ਹਾਊਸ ਦਾ ਨਿਕਾਸ ਕਰੇਗੀ। ਏਥੀਲੀਨ ਕਰੈਕਰ ਇਕ ਉਦਯੋਗਿਕ ਫੈਸਿਲਟੀ ਹੁੰਦੀ ਹੈ ਜਿਹੜੀ ਜੈਵਿਕ ਬਾਲਣ ਨੂੰ ਵਰਤੋਂ ਯੋਗ ਉਤਪਾਦਾਂ ਵਿਚ ਬਦਲਦੀ ਹੈ। ਇਹ ਪ੍ਰਾਜੈਕਟ ਡਾਓ ਦੀ ਪੋਲੀਥੀਲੀਨ ਪੈਦਾ ਕਰਨ ਦੀ ਸਮਰੱਥਾ ਨੂੰ ਵੱਡੇ ਪੱਧਰ 'ਤੇ ਵਧਾਵੇਗੀ ਜਿਹੜਾ ਆਮ ਤੌਰ 'ਤੇ ਪਲਾਸਟਿਕ ਦੇ ਲਿਫਾਫਿਆਂ ਅਤੇ ਭੋਜਨ ਦੇ ਕੰਟੇਨਰਾਂ ਲਈ ਵਰਤਿਆ ਜਾਂਦਾ ਹੈ। ਕੰਪਨੀ ਫੈਰਟ ਸਸਕੈਚਵਨ ਵਿਚ ਸਾਈਟ ਦੀ ਉਸਾਰੀ ਲਈ ਪੈਸਾ ਦੇਣ ਵਾਸਤੇ ਇਨਸੈਂਟਿਵ ਤੇ ਸਬਸਿਡੀਆਂ ਰਾਹੀਂ ਸਰਕਾਰੀ ਸਹਾਇਤਾ ਤੋਂ ਅਰਬਾਂ ਡਾਲਰ ਦਾ ਲਾਭ ਲਵੇਗੀ ਜਦਕਿ ਫੈਡਰਲ ਸਰਕਾਰ ਕੁਝ ਤਰ੍ਹਾਂ ਦੇ ਸਿੰਗਲ ਯੂਜ਼ ਪਲਾਸਟਿਕਾਂ 'ਤੇ ਪਾਬੰਦੀ ਲਈ ਲੜਾਈ ਜਾਰੀ ਰੱਖ ਰਹੀ ਹੈ। ਡਾਓ ਉਨ੍ਹਾਂ ਕਈ ਕੰਪਨੀਆਂ ਵਿਚੋਂ ਇਕ ਹੈ ਜਿਸ ਨੇ ਸਾਂਝੇ ਰੂਪ ਵਿਚ ਪਾਬੰਦੀ ਨੂੰ ਅਦਾਲਤ ਵਿਚ ਚੁਣੌਤੀ ਦਿੱਤੀ ਹੈ ਅਤੇ ਆਖਰਕਾਰ ਫੈਡਰਲ ਅਦਾਲਤ ਵਿਚੋਂ ਕੇਸ ਜਿੱਤ ਲਿਆ ਜਿਸ ਨੇ ਕੈਬਨਿਟ ਦੇ ਹੁਕਮ ਨੂੰ ਰੱਦ ਕਰ ਦਿੱਤਾ ਸੀ। ਸਰਕਾਰ ਨੇ ਅਪੀਲ ਕਰਨ ਦਾ ਪ੍ਰਣ ਕੀਤਾ ਹੈ।

## ਮੇਅਰ ਬਰੈਂਡਾ ਲੋਕ ਦਾ ਸਟੇਟ ਆਫ ਦੀ ਸਿਟੀ ਅਡਰੈੱਸ 15 ਫਰਵਰੀ ਨੂੰ

ਸਰੀ-ਇਥੋਂ ਦੀ ਮੇਅਰ ਬਰੈਂਡਾ ਲੋਕ ਆਪਣਾ ਸਾਲਾਨਾ ਭਾਸ਼ਣ ਜਿਸ ਨੂੰ ਸਟੇਟ ਆਫ ਦੀ ਸਿਟੀ ਅਡਰੈੱਸ ਕਿਹਾ ਜਾਂਦਾ ਹੈ 15 ਫਰਵਰੀ ਨੂੰ ਦੇਵੇਗੀ ਜਿਸ ਲਈ 150 ਡਾਲਰ ਪ੍ਰਤੀ ਵਿਅਕਤੀ ਅਤੇ 11 ਵਿਅਕਤੀਆਂ ਦੇ ਟੇਬਲ ਲਈ 1650 ਡਾਲਰ ਦੀ ਕੀਮਤ ਵਾਲੀਆਂ ਟਿਕਟਾਂ ਵੇਚੀਆਂ ਜਾ ਰਹੀਆਂ ਹਨ। ਉਹ ਕਲੋਵਰਡੇਲ ਡਿਸਟ੍ਰਿਕਟ ਚੈਂਬਰ ਆਫ ਕਾਮਰਸ, ਸਾਊਥ ਸਰੀ ਐਂਡ ਵਾਈਟ ਰੌਕ ਚੈਂਬਰ ਆਫ ਕਾਮਰਸ ਅਤੇ ਸਰੀ ਬੋਰਡ ਆਫ ਟਰੇਡ ਵਲੋਂ 15269 104 ਐਵੀਨਿਊ ਵਿਖੇ ਸ਼ਰਟਨ ਵੈਨਕੂਵਰ ਗਿਲਡਫੋਰਡ ਹੋਟਲ ਵਿਖੇ ਕੀਤੇ ਜਾ ਰਹੇ ਸਮਾਗਮ ਵਿਖੇ ਆਪਣੀ ਆਰਥਿਕ ਦ੍ਰਿਸ਼ਟੀ ਦੀ ਰੂਪਰੇਖਾ ਪੇਸ਼ ਕਰਨ ਲਈ ਤਿਆਰ ਹੈ। ਸਰੀ ਬੋਰਡ ਆਫ ਟਰੇਡ ਨੇ ਇਕ ਪ੍ਰੈਸ ਰਿਲੀਜ਼ ਵਿਚ ਦੱਸਿਆ ਕਿ ਇਹ ਸ਼ਹਿਰ ਨੂੰ ਮੁੜ ਊਰਜਾਵਾਨ ਬਣਾਉਣ ਅਤੇ ਸਰੀ ਲਈ ਇਕ ਨਵੀਂ ਆਰਥਿਕ ਅਤੇ ਨੌਕਰੀਆਂ ਸਬੰਧੀ ਯੋਜਨਾ ਲਈ ਉਤਸ਼ਾਹ ਪੈਦਾ ਕਰਨ ਵਾਲਾ ਮਹੱਤਵਪੂਰਣ ਸਮਾਗਮ ਹੈ। ਸਟੇਟ ਆਫ ਦੀ ਸਿਟੀ ਕਾਰੋਬਾਰੀ ਧਿਰਾਂ ਅਤੇ ਸੰਭਾਵੀ ਨਿਵੇਸ਼ਕਾਂ ਨੂੰ ਮੌਜੂਦਾ ਆਰਥਿਕ ਸੰਪਤੀਆਂ ਅਤੇ ਟੀਚਿਆਂ ਦੀ ਅੰਦਰੂਨੀ ਝਲਕ ਦਿੰਦਾ ਹੈ ਕਿਉਂਕਿ ਸਰੀ ਬ੍ਰਿਟਿਸ਼ ਕੋਲੰਬੀਆ ਦਾ ਸਭ ਤੋਂ ਵੱਡਾ ਸ਼ਹਿਰ ਬਣ ਰਿਹਾ ਹੈ।








## ਸਿੱਖ ਵੱਖਵਾਦੀ ਦੀ ਹੱਤਿਆ ਦੀ ਸਾਜ਼ਿਸ਼ ਬਾਰੇ ਭਾਰਤੀ ਜਾਂਚ ਚੰਗਾ ਅਤੇ ਢੁਕਵਾਂ ਕਦਮ-ਬਲਿੰਕਨ

ਵਾਸ਼ਿੰਗਟਨ-ਅਮਰੀਕਾ ਨੇ ਆਪਣੀ ਧਰਤੀ 'ਤੇ ਸਿੱਖ ਵੱਖਵਾਦੀ ਨੂੰ ਮਾਰਨ ਦੀ ਸਾਜ਼ਿਸ਼ ਵਿਚ ਭਾਰਤੀ ਅਧਿਕਾਰੀ ਦੀ ਸ਼ਮੂਲੀਅਤ ਦੇ ਦੋਸ਼ਾਂ ਦੀ ਜਾਂਚ ਦੇ ਭਾਰਤ ਦੇ ਐਲਾਨ ਨੂੰ 'ਚੰਗਾ ਅਤੇ ਢੁਕਵਾਂ' ਕਰਾਰ ਦਿੱਤਾ ਹੈ ਅਤੇ ਕਿਹਾ ਹੈ ਕਿ ਉਹ ਜਾਂਚ ਦੇ ਨਤੀਜਿਆਂ ਬਾਰੇ ਆਸ਼ਾਵਾਦੀ ਹੈ। ਅਮਰੀਕਾ ਵਿੱਚ ਸੰਘੀ ਵਕੀਲਾਂ ਨੇ ਦੋਸ਼ ਲਾਇਆ ਕਿ ਨਿਖਿਲ ਗੁਪਤਾ ਨੇ ਸਿੱਖ ਵੱਖਵਾਦੀ ਗੁਰਪਤਵੰਤ ਸਿੰਘ ਪੰਨੂ ਦੀ ਹੱਤਿਆ ਕਰਨ ਲਈ ਭਾਰਤੀ ਸਰਕਾਰੀ ਅਧਿਕਾਰੀ ਨਾਲ ਸਾਜ਼ਿਸ਼ ਰਚੀ ਸੀ, ਜੋ ਸਿਰੇ ਨਹੀਂ ਚੜ੍ਹੀ। ਪੰਨੂ ਕੋਲ ਅਮਰੀਕਾ ਅਤੇ ਕੈਨੇਡਾ ਦੀ ਨਾਗਰਿਕਤਾ ਹੈ। ਭਾਰਤ ਨੇ ਅਮਰੀਕੀ ਧਰਤੀ 'ਤੇ ਸਿੱਖ ਵੱਖਵਾਦੀ ਦੀ ਹੱਤਿਆ ਦੀ ਸਾਜ਼ਿਸ਼ ਰਚਣ ਦੇ ਮੁਲਜ਼ਮ ਨਾਲ ਭਾਰਤੀ ਅਧਿਕਾਰੀ ਦੇ ਸਬੰਧ ਨੂੰ 'ਚਿੰਤਾ ਦਾ ਵਿਸ਼ਾ' ਦੱਸਿਆ ਹੈ।

## ਫ਼ਰੀਦਕੋਟ ਦੀ ਮਾਡਰਨ ਜੇਲ੍ਹ 'ਚੋਂ ਗੈਂਗਸਟਰਾਂ ਵੱਲੋਂ ਬਣਾਈ ਵੀਡੀਓ ਵਾਇਰਲ

ਕੋਟਕਪੂਰਾ-ਫ਼ਰੀਦਕੋਟ ਦੀ ਮਾਡਰਨ ਜੇਲ੍ਹ ਵਿਚ ਬੰਦ ਗੈਂਗਸਟਰਾਂ ਵੱਲੋਂ ਮੋਬਾਈਲ ਫੋਨ ਦੀ ਵਰਤੋਂ ਅਤੇ ਸੋਸ਼ਲ ਮੀਡੀਆ ਪਲੈਟਫਾਰਮ ਇੰਸਟਾਗ੍ਰਾਮ ਦੇ ਆਪਣੇ ਅਕਾਊਂਟ 'ਤੇ ਜੇਲ੍ਹ 'ਚੋਂ ਕਥਿਤ ਤੌਰ 'ਤੇ ਵੀਡੀਓ ਬਣਾ ਕੇ ਅਪਲੋਡ ਕੀਤੇ ਜਾਣ ਨਾਲ ਪੰਜਾਬ ਸਰਕਾਰ ਵੱਲੋਂ ਜੇਲ੍ਹਾਂ ਵਿੱਚ ਪੁਖ਼ਤਾ ਪ੍ਰਬੰਧਾਂ ਦੇ ਕੀਤੇ ਜਾਂਦੇ ਦਾਅਵਿਆਂ ਦੀ ਫੂਕ ਨਿਕਲ ਗਈ ਹੈ। ਹਾਲਾਂਕਿ, ਵੀਡੀਓ ਬਾਰੇ ਜਾਣਕਾਰੀ ਮਿਲਣ 'ਤੇ ਫ਼ਰੀਦਕੋਟ ਪੁਲੀਸ ਨੇ ਇਸ ਸਬੰਧ 'ਚ ਕੇਸ ਦਰਜ ਕਰ ਕੇ ਪੜਤਾਲ ਸ਼ੁਰੂ ਕਰ ਦਿੱਤੀ ਹੈ। ਮਿਲੀ ਜਾਣਕਾਰੀ ਅਨੁਸਾਰ ਫ਼ਰੀਦਕੋਟ ਦੇ ਨੌਜਵਾਨ ਕਾਂਗਰਸੀ ਆਗੂ ਗੁਰਲਾਲ ਪਹਿਲਵਾਨ ਕਤਲ ਦੇ ਮਾਮਲੇ ਵਿੱਚ ਮਾਡਰਨ ਜੇਲ੍ਹ ਫ਼ਰੀਦਕੋਟ ਵਿੱਚ ਬੰਦ ਆਕਾਸ਼ ਨਾਂ ਦੇ ਇਸ ਗੈਂਗਸਟਰ ਨੇ ਆਪਣੇ ਸਾਥੀ ਰਾਹੁਲ ਦਾਣਾ ਨਾਲ ਮਿਲ ਕੇ ਇੱਕ ਵੀਡੀਓ ਬਣਾਈ, ਜਿਸ ਵਿੱਚ ਸਰਕਾਰ ਪ੍ਰਤੀ ਇਤਰਾਜ਼ਯੋਗ ਸ਼ਬਦਾਵਲੀ ਦੀ ਵਰਤੋਂ ਕੀਤੀ ਤੇ ਮਗਰੋਂ ਇਹ ਵੀਡੀਓ ਆਪਣੇ ਇੰਸਟਾਗ੍ਰਾਮ ਦੇ ਅਕਾਊਂਟ 'ਤੇ ਪੋਸਟ ਕਰ ਦਿੱਤੀ। ਦੱਸਣਯੋਗ ਹੈ ਕਿ ਫ਼ਰੀਦਕੋਟ ਦੀ ਜੇਲ੍ਹ ਵਿੱਚ ਮੋਬਾਈਲ ਫੋਨ ਦੀ ਵਰਤੋਂ ਹੋਣ ਦਾ ਇਹ ਪਹਿਲਾ ਮਾਮਲਾ ਨਹੀਂ ਹੈ। ਪਹਿਲਾਂ ਵੀ ਇਸੇ ਮਹੀਨੇ ਜੇਲ੍ਹ ਪ੍ਰਸ਼ਾਸਨ ਨੇ ਇੱਕ ਦਿਨ ਵਿੱਚ ਹੀ ਜੇਲ੍ਹ ਵਿੱਚੋਂ 23 ਮੋਬਾਈਲ ਫੋਨ ਬਰਾਮਦ ਕੀਤੇ ਸਨ। ਐੱਸਐੱਸਪੀ ਫਰੀਦਕੋਟ ਹਰਜੀਤ ਸਿੰਘ ਨੇ ਇਹ ਵੀਡੀਓ ਵਾਇਰਲ ਹੋਣ ਦੀ ਪੁਸ਼ਟੀ ਕਰਦਿਆਂ ਆਖਿਆ ਕਿ ਜੇਲ੍ਹ ਪ੍ਰਸ਼ਾਸਨ ਨੇ ਆਕਾਸ਼ ਤੇ ਉਸ ਦੇ ਸਾਥੀ ਰਾਹੁਲ ਦਾਣਾ ਵਾਸੀ ਸ੍ਰੀ ਅੰਮ੍ਰਿਤਸਰ ਸਾਹਿਬ ਕੋਲੋਂ ਮੋਬਾਈਲ ਫੋਨ ਬਰਾਮਦ ਕੀਤਾ ਸੀ। ਇਸ ਸਬੰਧ ਵਿੱਚ ਜ਼ਿਲ੍ਹਾ ਪੁਲੀਸ ਨੂੰ ਸੂਚਿਤ ਕਰ ਦਿੱਤਾ ਗਿਆ ਸੀ। ਉਨ੍ਹਾਂ ਆਖਿਆ ਕਿ ਇਨ੍ਹਾਂ ਮੁਲਜ਼ਮਾਂ ਕੋਲੋਂ ਸਤੰਬਰ ਮਹੀਨੇ ਵੀ ਮੋਬਾਈਲ ਫੋਨ ਬਰਾਮਦ ਕੀਤੇ ਗਏ ਸਨ। ਪੁਲੀਸ ਮੁਤਾਬਕ ਇਨ੍ਹਾਂ ਗੈਂਗਸਟਰਾਂ ਖ਼ਿਲਾਫ਼ ਕੇਸ ਦਰਜ ਕਰ ਕੇ ਅਗਲੇਰੀ ਪੁੱਛ-ਪੜਤਾਲ ਕੀਤੀ ਜਾਵੇਗੀ।

# ਕੈਨੇਡਾ ਦੇ ਦੋਸ਼ਾਂ ਨੂੰ ਭਾਰਤ ਗੰਭੀਰਤਾ ਨਾਲ ਲਏ-ਟਰੂਡੋ

ਓਟਵਾ-ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕਿਹਾ ਹੈ ਕਿ ਅਮਰੀਕੀ ਧਰਤੀ ਉਤੇ ਇਕ ਸਿੱਖ ਵੱਖਵਾਦੀ ਦੀ ਹੱਤਿਆ ਦੀ ਨਾਕਾਮ ਸਾਜ਼ਿਸ਼ ਵਿਚ ਭਾਰਤੀ ਨਾਗਰਿਕ ਦਾ ਨਾਂ ਆਉਣਾ ਬਿਲਕੁਲ ਉਨ੍ਹਾਂ ਦੋਸ਼ਾਂ ਵਰਗਾ ਹੈ, ਜਿਹੜੇ ਕੈਨੇਡਾ ਵੱਲੋਂ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਦੇ ਮਾਮਲੇ ਵਿਚ ਲਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਭਾਰਤ ਨੂੰ ਇਨ੍ਹਾਂ ਦੋਸ਼ਾਂ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ। ਟਰੂਡੋ ਨੇ ਬੁੱਧਵਾਰ ਕਿਹਾ ਕਿ ਬ੍ਰਿਟਿਸ਼ ਕੋਲੰਬੀਆ ਸੂਬੇ ਵਿਚ 18 ਜੂਨ ਨੂੰ ਨਿੱਝਰ ਦੀ ਹੱਤਿਆ ਵਿਚ ਭਾਰਤ ਸਰਕਾਰ ਦੀ ਸ਼ਮੂਲੀਅਤ ਦੇ ਦੋਸ਼ਾਂ 'ਤੇ ਕੈਨੇਡਾ ਦੇ ਅਧਿਕਾਰੀ ਅਗਸਤ ਤੋਂ ਅਮਰੀਕੀ ਅਧਿਕਾਰੀਆਂ ਨਾਲ ਮਿਲ ਕੇ ਕੰਮ ਕਰ ਰਹੇ ਹਨ। ਜ਼ਿਕਰਯੋਗ ਹੈ ਕਿ ਭਾਰਤ ਨੇ 2020 ਵਿਚ ਨਿੱਝਰ ਨੂੰ ਅਤਿਵਾਦੀ ਐਲਾਨ ਦਿੱਤਾ ਸੀ। ਭਾਰਤ ਟਰੂਡੋ ਦੇ ਦੋਸ਼ਾਂ ਨੂੰ 'ਬੇਤੁਕਾ' ਦੱਸ ਕੇ ਖਾਰਜ ਕਰ ਚੁੱਕਾ ਹੈ। 'ਕੈਨੇਡੀਅਨ ਪ੍ਰੈੱਸ' ਨੇ ਟਰੂਡੋ ਦੇ ਹਵਾਲੇ ਨਾਲ ਕਿਹਾ ਕਿ 'ਅਮਰੀਕਾ ਤੋਂ ਆ ਰਹੀਆਂ ਖ਼ਬਰਾਂ ਇਸ ਗੱਲ ਨੂੰ ਹੋਰ ਮਜ਼ਬੂਤੀ ਦਿੰਦੀਆਂ ਹਨ ਕਿ



ਭਾਰਤ ਨੂੰ ਕੈਨੇਡਾ ਦੇ ਦੋਸ਼ਾਂ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਨੂੰ ਕੈਨੇਡਾ ਨਾਲ ਮਿਲ ਕੇ ਕੰਮ ਕਰਨ ਦੀ ਲੋੜ ਹੈ ਤਾਂ ਕਿ ਮਾਮਲੇ ਦੀ ਤਹਿ ਤੱਕ ਪਹੁੰਚਿਆ ਜਾ ਸਕੇ। ਟਰੂਡੋ ਨੇ ਕਿਹਾ, 'ਇਹ ਕੋਈ ਅਜਿਹੀ ਚੀਜ਼ ਨਹੀਂ ਹੈ ਜਿਸ ਨੂੰ ਕੋਈ ਵੀ ਹਲਕੇ ਵਿਚ ਲੈ ਸਕਦਾ ਹੋਵੇ। ਸਾਡੀ ਜ਼ਿੰਮੇਵਾਰੀ ਕੈਨੇਡਾ ਦੇ ਲੋਕਾਂ ਨੂੰ ਸੁਰੱਖਿਅਤ ਰੱਖਣਾ ਹੈ ਤੇ ਅਸੀਂ ਅਜਿਹਾ ਕਰਦੇ ਰਹਾਂਗੇ।' ਭਾਰਤੀ ਨਾਗਰਿਕ 'ਤੇ ਅਮਰੀਕਾ ਵਿਚ ਮੁਕੱਦਮਾ ਦਰਜ ਹੋਣ 'ਤੇ ਪ੍ਰਤੀਕਿਰਿਆ ਦਿੰਦਿਆਂ ਕੈਨੇਡਾ ਦੇ ਜਨਤਕ ਸੁਰੱਖਿਆ ਬਾਰੇ ਮੰਤਰੀ ਡੋਮੀਨਿਕ ਲੀਬਲਾਂਕ ਨੇ ਅੱਜ ਕਿਹਾ ਕਿ ਅਮਰੀਕੀ ਕਾਰਵਾਈ ਤੋਂ ਬਾਅਦ ਇਸ ਗੱਲ ਦੀ 'ਪੁਸ਼ਟੀ ਹੁੰਦੀ ਹੈ ਕਿ ਕੈਨੇਡਾ ਇਨ੍ਹਾਂ ਖ਼ਤਰਿਆਂ ਨਾਲ ਨਜਿੱਠਣ ਵਿਚ ਇਕੱਲਾ ਨਹੀਂ ਹੈ। ਲੀਬਲਾਂਕ ਨੇ ਕਿਹਾ, 'ਕੈਨੇਡਾ ਦੀ ਸਰਕਾਰ, ਆਰਸੀਐੱਮਪੀ (ਪੁਲੀਸ) ਤੇ ਖ਼ੁਫੀਆ ਸੇਵਾ ਏਜੰਸੀਆਂ ਕੈਨੇਡਾ ਦੇ ਲੋਕਾਂ ਦੀ ਸੁਰੱਖਿਆ ਲਈ ਹਰ ਸੰਭਵ ਯਤਨ ਕਰਦੀਆਂ ਹਨ, ਪਰ ਉਨ੍ਹਾਂ ਲੋਕਾਂ ਨੂੰ ਵੀ ਜਵਾਬਦੇਹ ਠਹਿਰਾਉਂਦੀਆਂ ਹਨ ਜਿਨ੍ਹਾਂ ਕੈਨੇਡਾ ਵਿਚ ਇਕ ਕੈਨੇਡੀਅਨ ਨਾਗਰਿਕ ਦੀ ਹੱਤਿਆ ਕਰ ਦਿੱਤੀ।'

## ਲੋਕ ਪੱਖੀ ਮੁੱਦਿਆਂ 'ਤੇ ਚਰਚਾ ਤੋਂ ਭੱਜੀ ਸਰਕਾਰ-ਬਾਜਵਾ

ਚੰਡੀਗੜ੍ਹ-ਸੀਨੀਅਰ ਕਾਂਗਰਸ ਆਗੂ ਤੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਅੱਜ ਵਿਧਾਨ ਸਭਾ ਦੇ ਬਾਹਰ ਗੈਲਰੀ ਵਿੱਚ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਨੇ ਵਿਧਾਨ ਸਭਾ ਦਾ ਸਰਦ ਰੁੱਤ ਇਜਲਾਤ 24 ਘੰਟਿਆਂ ਤੋਂ ਵੀ ਘੱਟ ਸਮਾਂ ਚਲਾ ਕੇ ਸਿਰਫ਼ ਖਾਨਾਪੂਰਤੀ ਕੀਤੀ ਹੈ। ਇਸ ਇਜਲਾਸ ਵਿੱਚ ਸਰਕਾਰ ਲੋਕ ਪੱਖੀ ਮੁੱਦਿਆਂ 'ਤੇ ਵਿਚਾਰ-ਚਰਚਾ ਕਰਨ ਤੋਂ ਭੱਜੀ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਸਾਰੇ ਵਿਧਾਇਕਾਂ ਨੂੰ ਭਰੋਸਾ ਦਵਾਇਆ ਸੀ ਕਿ ਸੂਬਾ ਸਰਕਾਰ ਰਾਜਪਾਲ ਵਿਰੁੱਧ ਅਦਾਲਤ ਜਾ ਰਹੀ ਹੈ, ਉੱਥੇ ਰਾਜਪਾਲ ਨਾਲ ਚੱਲ ਰਹੇ ਟਕਰਾਅ ਦਾ ਨਿਪਟਾਰਾ ਹੋਣ ਮਗਰੋਂ ਖੁੱਲ੍ਹੇ ਸਮੇਂ ਵਿੱਚ ਪੰਜਾਬ ਦੇ ਮੁੱਦਿਆ 'ਤੇ ਵਿਚਾਰ-ਚਰਚਾ ਕਰਵਾਈ ਜਾਵੇਗੀ। ਪਰ ਸੂਬਾ ਸਰਕਾਰ ਹੁਣ ਇਸ ਤੋਂ ਪਿੱਛੇ ਹਟ ਗਈ ਹੈ। ਸ੍ਰੀ ਬਾਜਵਾ ਨੇ ਕਿਹਾ ਕਿ ਉਨ੍ਹਾਂ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੂੰ ਵੀ ਪੱਤਰ ਲਿੱਖ ਪੰਜਾਬ ਦੇ ਅਹਿਮ ਮੁੱਦਿਆਂ 'ਤੇ ਵਿਚਾਰ ਚਰਚਾ ਲਈ ਇਹ ਸੈਸ਼ਨ 10 ਦਿਨਾਂ ਦਾ ਕਰਨ ਦੀ ਮੰਗ ਕੀਤੀ ਸੀ, ਜੋ ਮੰਨੀ ਨਹੀਂ ਗਈ। ਉਨ੍ਹਾਂ ਕਿਹਾ ਕਿ ਬੀਤੇ ਦਿਨੀਂ ਪੰਜਾਬ ਵਿਧਾਨ ਸਭਾ ਵਿੱਚ ਕੇਂਦਰ ਸਰਕਾਰ ਵਿਰੁੱਧ ਕਿਸਾਨੀ ਮੰਗਾਂ ਸਬੰਧੀ ਮਤਾ ਲਿਆਂਦਾ ਗਿਆ ਸੀ, ਜਿਸ ਵਿੱਚ ਕਿਸਾਨਾਂ ਨੂੰ ਐੱਮਐੱਸਪੀ ਯਕੀਨੀ ਦਿਵਾਉਣ, ਕਿਸਾਨ ਅੰਦੋਲਨ ਦੌਰਾਨ ਸ਼ਹੀਦ ਹੋਏ ਕਿਸਾਨਾਂ ਦੇ ਪਰਿਵਾਰਾਂ ਨੂੰ ਨੌਕਰੀਆਂ ਤੇ ਪੁਲੀਸ ਕੇਸ ਰੱਦ ਕਰਨ ਸਣੇ ਹੋਰਨਾਂ ਮੁੱਦਿਆ 'ਤੇ ਚਰਚਾ ਕਰਨ ਦੀ ਮੰਗ ਕੀਤੀ ਸੀ, ਪਰ ਸਰਕਾਰ ਨੇ ਇਸ 'ਤੇ ਵੀ ਚਰਚਾ ਨਹੀਂ ਕੀਤੀ। ਉਨ੍ਹਾਂ ਕਿਹਾ ਕਿ ਪੰਜਾਬ ਵਿਧਾਨ ਸਭਾ ਦੇ ਸਰਦ ਰੁੱਤ ਇਜਲਾਸ ਵਿੱਚ ਸੂਬਾ ਸਰਕਾਰ ਪੰਜਾਬ ਦੇ ਇਨ੍ਹਾਂ ਸਾਰੇ ਹੀ ਲੋਕ ਪੱਖੀ ਮੁੱਦਿਆ 'ਤੇ ਵਿਚਾਰ-ਚਰਚਾ ਤੋਂ ਭੱਜ ਗਈ ਹੈ।



## ਗੁਰਪੁਰਬ ਤੇ ਪਾਕਿਸਤਾਨ ਗਏ ਸਿੱਖ ਯਾਤਰੀ ਦੇ ਪਰਿਵਾਰ ਨੂੰ ਵਰਦੀਧਾਰੀ ਲੁਟੇਰਿਆਂ ਨੇ ਲੁੱਟਿਆ

ਲਾਹੌਰ-ਪਾਕਿਸਤਾਨ ਦੇ ਪੰਜਾਬ ਸੂਬੇ ਦੀ ਰਾਜਧਾਨੀ ਲਾਹੌਰ ਵਿੱਚ ਪੁਲੀਸ ਦੀ ਵਰਦੀ ਵਿੱਚ ਆਏ ਲੁਟੇਰਿਆਂ ਨੇ ਭਾਰਤੀ ਸਿੱਖ ਪਰਿਵਾਰ ਨੂੰ ਲੁੱਟ ਲਿਆ। ਪੁਲੀਸ ਨੇ ਦੱਸਿਆ ਕਿ ਕੰਵਲਜੀਤ ਸਿੰਘ ਅਤੇ ਉਸ ਦੇ ਪਰਿਵਾਰਕ ਮੈਂਬਰ ਭਾਰਤ ਤੋਂ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ 'ਤੇ ਮਨਾਏ ਜਾ ਰਹੇ ਸਮਾਗਮਾਂ 'ਚ ਹਿੱਸਾ ਲੈਣ ਆਏ ਹਨ। ਬੁੱਧਵਾਰ ਨੂੰ ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਹਿਬ ਤੋਂ ਪਰਤਣ ਤੋਂ ਬਾਅਦ ਪਰਿਵਾਰਕ ਮੈਂਬਰ ਖਰੀਦਦਾਰੀ ਲਈ ਲਾਹੌਰ ਦੇ ਗੁਲਬਰਗ ਇਲਾਕੇ ਦੇ ਲਿਬਰਟੀ ਮਾਰਕੀਟ ਗਏ ਸਨ, ਜਦੋਂ ਸਿੱਖ ਪਰਿਵਾਰ ਦੁਕਾਨ ਤੋਂ ਬਾਹਰ ਆਇਆ ਤਾਂ ਪੁਲੀਸ ਵਰਦੀ ਵਿੱਚ ਆਏ ਦੋ ਲੁਟੇਰਿਆਂ ਨੇ ਉਨ੍ਹਾਂ ਨੂੰ ਰੋਕ ਲਿਆ ਅਤੇ ਬੰਦੂਕ ਦਿਖਾ ਕੇ ਨਕਦੀ ਅਤੇ ਗਹਿਣੇ ਲੁੱਟ ਲਏ। ਲੁਟੇਰਿਆਂ ਨੇ ਸਿੱਖ ਪਰਿਵਾਰ ਤੋਂ ਗਹਿਣਿਆਂ ਤੋਂ ਇਲਾਵਾ 2,50,000 ਭਾਰਤੀ ਰੁਪਏ ਅਤੇ 1,50,000 ਪਾਕਿਸਤਾਨੀ ਰੁਪਏ ਲੁੱਟ ਲਏ। ਘਟਨਾ ਤੋਂ ਬਾਅਦ ਵੱਡੀ ਗਿਣਤੀ 'ਚ ਲੋਕ ਉਥੇ ਇਕੱਠੇ ਹੋ ਗਏ ਅਤੇ ਉਹ ਸਿੱਖ ਪਰਿਵਾਰ ਸਮੇਤ ਸਥਾਨਕ ਪੁਲੀਸ ਸਟੇਸ਼ਨ ਪਹੁੰਚੇ। ਪੁਲੀਸ ਦੇ ਡਿਪਟੀ ਇੰਸਪੈਕਟਰ ਜਨਰਲ ਰੈਂਕ ਦੇ ਅਧਿਕਾਰੀ ਨੇ ਭਾਰਤੀ ਸਿੱਖ ਪਰਿਵਾਰ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਨੂੰ ਭਰੋਸਾ ਦਿਵਾਇਆ ਕਿ ਲੁਟੇਰਿਆਂ ਨੂੰ ਗ੍ਰਿਫਤਾਰ ਕੀਤਾ ਜਾਵੇਗਾ ਅਤੇ ਉਨ੍ਹਾਂ ਦੇ ਨੁਕਸਾਨ ਦੀ ਭਰਪਾਈ ਕੀਤੀ ਜਾਵੇਗੀ। ਪੰਜਾਬ ਦੇ ਕਾਰਜਕਾਰੀ ਮੁੱਖ ਮੰਤਰੀ ਮੋਹਸਿਨ ਨਕਵੀ ਨੇ ਵੀ ਤੀਰਥ ਯਾਤਰਾ 'ਤੇ ਆਏ ਸਿੱਖ ਪਰਿਵਾਰ ਨੂੰ ਲੁੱਟਣ ਦੀ ਘਟਨਾ ਦਾ ਸਖ਼ਤ ਨੋਟਿਸ ਲਿਆ ਅਤੇ ਲਾਹੌਰ ਪੁਲੀਸ ਮੁਖੀ ਨੂੰ ਤੁਰੰਤ ਰਿਪੋਰਟ ਦੇਣ ਲਈ ਕਿਹਾ।

## ਕਤਰ 'ਚੋਂ ਭਾਰਤ ਦੇ 8 ਸਾਬਕਾ ਜਲ ਸੈਨਿਕਾਂ ਦੀ ਵਾਪਸੀ ਲਈ ਹਰ ਸੰਭਵ ਯਤਨ ਜਾਰੀ-ਜਲ ਸੈਨਾ ਮੁਖੀ

ਨਵੀਂ ਦਿੱਲੀ-ਭਾਰਤੀ ਜਲ ਸੈਨਾ ਦੇ ਮੁਖੀ ਐਡਮਿਰਲ ਆਰ. ਹਰੀ ਕੁਮਾਰ ਨੇ ਕਿਹਾ ਹੈ ਕਿ ਭਾਰਤ ਸਰਕਾਰ ਇਹ ਯਕੀਨੀ ਬਣਾਉਣ ਲਈ ਹਰ ਸੰਭਵ ਕੋਸ਼ਿਸ਼ ਕਰ ਰਹੀ ਹੈ ਕਿ ਕਤਰ ਵਿੱਚ ਮੌਤ ਦੀ ਸਜ਼ਾ ਕੱਟ ਰਹੇ ਅੱਠ ਸਾਬਕਾ ਜਲ ਸੈਨਿਕਾਂ ਨੂੰ ਵਾਪਸ ਲਿਆਂਦਾ ਜਾਵੇ। ਉਨ੍ਹਾਂ ਕਿਹਾ ਕਿ ਇਹ ਯਕੀਨੀ ਬਣਾਉਣ ਲਈ ਮਿਲ ਕੇ ਕੰਮ ਕੀਤਾ ਜਾ ਰਿਹਾ ਹੈ ਕਿ ਉਨ੍ਹਾਂ ਦੇ ਹਿੱਤਾਂ ਦਾ ਧਿਆਨ ਰੱਖਿਆ ਜਾਵੇ।

## ਗੁਰਦੁਆਰੇ ਦੇ ਪ੍ਰਬੰਧਕਾਂ ਨੇ ਭਾਰਤੀ ਰਾਜਦੂਤ ਤਰਨਜੀਤ ਸਿੰਘ ਸੰਧੂ ਨਾਲ ਮਾੜੇ ਵਿਵਹਾਰ ਲਈ ਮੁਆਫ਼ੀ ਮੰਗੀ

ਵਾਸ਼ਿੰਗਟਨ-ਅਮਰੀਕਾ ਵਿਚ 'ਲੌਂਗ ਆਈਲੈਂਡ ਗੁਰਦੁਆਰੇ' ਦੇ ਪ੍ਰਬੰਧਕਾਂ ਨੇ ਭਾਰਤੀ ਰਾਜਦੂਤ ਤਰਨਜੀਤ ਸਿੰਘ ਸੰਧੂ ਦੀ ਫੇਰੀ ਦੌਰਾਨ ਸੰਗਤ ਦੇ ਕੁਝ ਮੈਂਬਰਾਂ ਵਲੋਂ ਕੀਤੇ ਮਾੜੇ ਵਿਵਹਾਰ ਲਈ ਮੁਆਫੀ ਮੰਗੀ ਹੈ। ਗੁਰਦੁਆਰਾ ਗੁਰੂ ਨਾਨਕ ਦਰਬਾਰ ਦੀ ਪ੍ਰਬੰਧਕ ਕਮੇਟੀ ਨੇ 29 ਨਵੰਬਰ ਨੂੰ ਰਾਜਦੂਤ ਨੂੰ ਭੇਜੇ ਪੱਤਰ ਵਿੱਚ ਕਿਹਾ, 'ਅਸੀਂ ਕਿਸੇ ਵੀ ਅਸੁਵਿਧਾ ਲਈ ਮੁਆਫ਼ੀ ਚਾਹੁੰਦੇ ਹਾਂ ਅਤੇ ਤੁਹਾਡੀ ਅਗਲੀ ਫੇਰੀ ਵਿੱਚ ਕਿਸੇ ਤਰ੍ਹਾਂ ਦੀ ਪ੍ਰੇਸ਼ਾਨੀ ਨਾ ਹੋਣ ਨੂੰ ਯਕੀਨੀ ਬਣਾਉਣ ਦਾ ਵਾਅਦਾ ਕਰਦੇ ਹਾਂ।'

UNI GLOBAL IMMIGRATION
CONSULTING SERVICES LTD.
Your Dream......Our Passion
For All Your Immigration Related Needs
• Express Entry (PR)
• FSW, FST
• Canadian Experience Class
• LMIA & Work Permit
• PNP
• Spousal (Marriage) Sponsorship
• Business (Investor) Visa
• Study Visa
• Care-giver (Nanny)
• Visitor Visa
• Super Visa
• Citizenship Application
• Refusal Cases
• IEC
We also help employers in hiring temporary foreign workers(TFW). We help employers in each and every step of acquiring Temporary Foreign Workers
Tel: 604-338-4975
604-507-9962
#12387 - 75 Ave., Surrey BC V3W 2S7
Email: contactuniglobal@gmail.com

HOMELAND MORTGAGE CORP.
ਜੇਕਰ ਤੁਹਾਨੂੰ ਮੌਰਟਗੇਜ ਲੈਣ ਵਿਚ ਕੋਈ ਮੁਸ਼ਕਲ ਆਉਂਦੀ ਹੈ ਤਾਂ ਇਕ ਵਾਰ ਸਾਨੂੰ ਜਰੂਰ ਮਿਲੋ। ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ
☑ ਪਹਿਲੀ ਵਾਰ ਘਰ ਖਰੀਦਣ ਵਾਲੇ
☑ ਰੈਜੀਡੈਂਸ਼ੀਅਲ ਮੌਰਟਗੇਜ
☑ ਕੰਸਟਰਕਸ਼ਨ ਮੌਰਟਗੇਜ
☑ ਪ੍ਰਾਈਵੇਟ ਮੌਰਟਗੇਜ
☑ ਸੈਕੰਡ ਅਤੇ ਥਰਡ ਮੌਰਟਗੇਜ
• Residential Mortgages
• Construction Mortgage
• Commercial Mortgages
• Farm Financing
• Private Mortgages
• 2nd & 3rd Mortgage
(*Conditionsapply)
Professional & Experienced
MORTGAGE CONSULTANT
Ph: 604-593-6622
Fax: 604-593-6615
Unit 204 - 7928 128 St.
(York Business Centre) Surrey
www.homelandmortgage.ca,
homelandmortgage@hotmail.com

KULDIP S PANESAR
Senior Mortgage Advisor
Cell: 604-308-6839

# ਕੈਨੇਡਾ ਸਰਕਾਰ ਵਲੋਂ 2023 ਫਾਲ ਇਕਨਾਮਿਕ ਸਟੇਟਮੈਂਟ ਜਾਰੀ

ਓਟਵਾ-ਡਿਪਟੀ ਪ੍ਰਧਾਨ ਮੰਤਰੀ ਅਤੇ ਵਿੱਤ ਮੰਤਰੀ ਕ੍ਰਿਸਟੀਆ ਫ੍ਰੀਲੈਂਡ ਨੇ 2023 ਫਾਲ ਇਕਨਾਮਿਕ ਸਟੇਟਮੈਂਟ ਦੇ ਹਿੱਸੇ ਵਜੋਂ ਮਜ਼ਬੂਤ ਆਰਥਿਕਤਾ ਕਾਇਮ ਕਰਨ ਲਈ ਸਰਕਾਰ ਦੀ ਆਰਥਿਕ ਯੋਜਨਾ ਜਾਰੀ ਕੀਤੀ ਹੈ ਜਿਹੜੀ ਹਰ ਕਿਸੇ ਲਈ ਕੰਮ ਕਰਦੀ ਹੈ। ਮਹਾਂਮਾਰੀ ਤੋਂ ਪਹਿਲਾਂ ਦੇ ਮੁਕਾਬਲੇ ਅੱਜ 10 ਲੱਖ ਤੋਂ ਵੀ ਜ਼ਿਆਦਾ ਕੈਨੇਡੀਅਨਾਂ ਨੂੰ ਰੋਜ਼ਗਾਰ ਮਿਲਿਆ ਹੋਇਆ ਹੈ। ਮਹਿੰਗਾਈ ਘੱਟ ਰਹੀ ਹੈ, ਮਹਿੰਗਾਈ ਨਾਲੋਂ ਤਨਖਾਹਾਂ ਤੇਜ਼ੀ ਨਾਲ ਵਧੀਆਂ ਹਨ ਅਤੇ ਨਿੱਜੀ ਸੈਕਟਰ ਦੇ ਅਰਥਸ਼ਾਸਤਰੀ ਹੁਣ ਕੈਨੇਡਾ ਦੇ ਮੰਦੀ ਤੋਂ ਬਚਣ ਦੀ ਆਸ ਕਰ ਰਹੇ ਹਨ ਜਿਸ ਦੀ ਕਈਆਂ ਨੇ ਪੇਸ਼ੀਨਗੋਈ ਕੀਤੀ ਸੀ। ਵਿਸ਼ਵ ਭਰ ਵਿਚ ਵਿਆਜ ਦਰਾਂ ਵਿਚ ਤੇਜ਼ੀ ਨਾਲ ਵਾਧੇ ਦੇ ਮੱਦੇਨਜ਼ਰ ਬਹੁਤ ਸਾਰੇ ਕੈਨੇਡੀਅਨ ਤਕਲੀਫ ਮਹਿਸੂਸ ਕਰ ਰਹੇ ਹਨ ਖ਼ਾਸਕਰ ਉਸ ਸਮੇਂ ਜਦੋਂ ਕਿਰਾਏ ਜਾਂ ਮਾਲਕੀ ਲਈ ਕਿਫਾਇਤੀ ਘਰ ਦੀ ਗੱਲ ਆਉਂਦੀ ਹੈ। ਇਸ ਦੇ ਜਵਾਬ ਵਿਚ 2023 ਫਾਲ ਇਕਨਾਮਿਕ ਸਟੇਟਮੈਂਟ ਅੱਜ ਦੀਆਂ ਦੋ ਪ੍ਰਮੁੱਖ ਚੁਣੌਤੀਆਂ 'ਤੇ ਕੇਂਦਰਿਤ ਹੈ। ਸਰਕਾਰ ਕੈਨੇਡੀਅਨਾਂ ਦੀ ਉਸ ਸਮੇਂ ਲਗਾਤਾਰ ਸਹਾਇਤਾ ਕਰ ਰਹੀ ਹੈ ਜਦੋਂ ਕੁਝ ਵਸਤਾਂ ਦੀਆਂ ਕੀਮਤਾਂ ਅਜੇ ਵੀ ਜ਼ਿਆਦਾ ਹੈ ਅਤੇ ਮੌਰਟਗੇਜ਼ ਦੇ ਨਵੀਨੀਕਰਨ ਹੋਣ ਵਾਲੇ ਹਨ। ਕੀਮਤਾਂ ਨੂੰ ਸਥਿਰ ਕਰਨ, ਜ਼ਿੰਦਗੀ ਨੂੰ ਹੋਰ ਸੁਖਾਲਾ ਬਣਾਉਣ ਅਤੇ ਮੌਰਟਗੇਜਾਂ ਨਾਲ ਕੈਨੇਡੀਅਨਾਂ ਦਾ ਬਚਾਅ ਕਰਨ ਦੇ ਨਵੇਂ ਉਪਾਵਾਂ ਨਾਲ ਸਰਕਾਰ ਕੈਨੇਡਾ ਵਾਸੀਆਂ ਦੀ ਸਹਾਇਤਾ ਲਈ ਠੋਸ ਕਾਰਵਾਈ ਕਰ ਰਹੀ ਹੈ। ਇਸ ਵਿਚ ਕੈਨੇਡੀਅਨਾਂ ਦੀ ਉਸ ਸਮੇਂ ਮੌਰਟਗੇਜ ਰਾਹਤ ਤਕ ਪਹੁੰਚ ਨੂੰ ਯਕੀਨੀ ਬਣਾਉਣਾ ਹੈ ਜਦੋਂ ਉੱਚ ਵਿਆਜ ਦਰਾਂ ਕਾਰਨ ਉਨ੍ਹਾਂ ਨੂੰ ਇਸ ਦੀ ਲੋੜ ਹੈ।



## ਐਮਪੀ ਨੇ ਵਿਨੀਪੈਗ ਗੋਲੀਬਾਰੀ ਨਾਲ ਪੋਲੀਵਰ ਨੂੰ ਜੋੜਨ ਲਈ ਮੁਆਫੀ ਮੰਗੀ



ਓਟਵਾ-ਇਕ ਐਮਪੀ ਨੇ ਸੋਸ਼ਲ ਮੀਡੀਆ 'ਤੇ ਪਾਈ ਇਕ ਪੋਸਟ ਲਈ ਮੁਆਫੀ ਮੰਗੀ ਹੈ ਜਿਸ ਵਿਚ ਸਵਾਲ ਕੀਤਾ ਗਿਆ ਸੀ ਕਿ ਕੀ ਕੰਸਰਵੇਟਿਵ ਨੇਤਾ ਪੀਅਰ ਪੋਲੀਵਰ ਅਤੇ ਮਨੀਟੋਬਾ ਵਿਚ ਹੋਈ ਗੋਲੀਬਾਰੀ ਵਿਚਕਾਰ ਕੋਈ ਸਬੰਧ ਹੈ ਜਾਂ ਨਹੀਂ। ਕੇਨ ਹਾਰਡੀ ਨੇ ਪਹਿਲਾਂ ਤਾਂ ਕੈਨੇਡੀਅਨ ਪ੍ਰੈਸ ਨੂੰ ਕਿਹਾ ਕਿ ਉਹ ਆਪਣੀ ਪੋਸਟ ਨਾਲ ਖੜ੍ਹਾ ਹੈ ਅਤੇ ਕੋਈ ਮੁਆਫੀ ਨਹੀਂ ਮੰਗੇਗਾ ਪਰ ਉਸ ਨੇ ਮੰਨਿਆਂ ਕਿ ਇਹੀ ਗੱਲ ਰੱਖਣ ਲਈ ਉਹ ਬਿਹਤਰ ਉਦਾਹਰਣ ਦੀ ਵਰਤੋਂ ਕਰ ਸਕਦਾ ਸੀ। ਕੁਝ ਘੰਟੇ ਬਾਅਦ ਉਸ ਨੇ ਸਰਕਾਰੀ ਹਾਊਸ ਲੀਡਰ ਕਰੀਨਾ ਗੋਲਡ ਨਾਲ ਮੀਟਿੰਗ ਪਿੱਛੋਂ ਆਪਣੀ ਟਿਊਨ ਬਦਲ ਲਈ। ਆਪਣੀ ਗੱਲਬਾਤ ਪਿੱਛੋਂ ਹਾਰਡੀ ਨੇ ਕਿਹਾ ਕਿ ਉਸ ਨੂੰ ਅਹਿਸਾਸ ਹੋਇਆ ਕਿ ਉਸ ਦੀ ਪੋਸਟ ਅਢੁਕਵੀਂ ਸੀ ਅਤੇ ਅੱਗੇ ਕਿਹਾ ਕਿ ਪੋਲੀਵਰ ਤੇ ਵਿਨੀਪੈਗ ਗੋਲੀਬਾਰੀ ਵਿਚਕਾਰ ਕੋਈ ਸਬੰਧ ਨਹੀਂ।

## ਨਿਆਗਰਾ ਫਾਲਜ਼ ਸਰਹੱਦ 'ਤੇ ਦੁਰਘਟਨਾ ਵਿਚ ਜੋੜੇ ਦੀ ਮੌਤ

ਟੋਰਾਂਟੋ-ਇਕ ਲਗਜ਼ਰੀ ਕਾਰ ਨੂੰ ਨਿਆਗਰਾ ਫਾਲਜ਼ ਵਿਚ ਸਰਹੱਦੀ ਚੈੱਕ ਪੁਆਇੰਟ ਨੂੰ ਟੱਕਰ ਮਾਰਨ ਪਿੱਛੋਂ ਧਮਾਕੇ ਨਾਲ ਅੱਗ ਲੱਗ ਗਈ ਜਿਸ ਵਿਚ ਦੋ ਵਿਅਕਤੀਆਂ ਦੀ ਮੌਤ ਹੋ ਗਈ। ਦੋਵਾਂ ਦੀ ਪਛਾਣ ਵੈਸਟਰਨ ਨਿਊਯਾਰਕ ਦੇ ਵਾਸੀ ਪਤੀ ਤੇ ਪਤਨੀ ਵਜੋਂ ਹੋਈ ਜਿਨ੍ਹਾਂ ਦਾ ਬਫੇਲੋ ਵਿਚ ਲੱਕੜੀ ਦਾ ਆਪਣਾ ਕਾਰੋਬਾਰ ਹੈ ਅਤੇ ਕਈ ਹਾਰਡਵੇਅਰ ਸਟੋਰ ਹਨ। ਨਿਆਗਰਾ ਫਾਲਜ਼ ਪੁਲਿਸ ਚੀਫ਼ ਜੌਹਨ ਫਾਸੋ ਨੇ ਦੱਸਿਆ ਕਿ ਇਸ ਗੱਲ ਦੀ ਜਾਂਚ ਕੀਤੀ ਜਾ ਰਹੀ ਹੈ ਕਿ 2022 ਬੈਂਟਲੇ ਫਲਾਇੰਗ ਸਪੁਰ ਦੇ ਚੌਰਾਹੇ ਵਿਚ ਤੇਜ਼ ਹੋਣ ਅਤੇ ਚੈੱਕ ਪੁਆਇੰਟ ਨਾਲ ਟਕਰਾ ਕੇ ਹਵਾ ਵਿਚ ਉਛਲਣ ਦਾ ਕੀ ਕਾਰਨ ਸੀ। ਜਾਂਚ ਅਧਿਕਾਰੀ ਇਹ ਦੇਖ ਰਹੇ ਹਨ ਕਿ ਕੀ ਇਸ ਦੁਰਘਟਨਾ ਦਾ ਕਾਰਨ ਮੈਡੀਕਲ ਜਾਂ ਮਕੈਨੀਕਲ ਮੁੱਦੇ ਸਨ। ਕਾਰ ਰੇਨਬੋ ਬਰਿੱਜ ਵਿਖੇ ਸੁਰੱਖਿਆ ਬੂਥਾਂ ਦੀ ਕਤਾਰ ਨਾਲ ਟਕਰਾ ਗਈ ਅਤੇ ਅੱਗ ਦੀ ਲਪੇਟ ਵਿਚ ਆ ਗਈ। ਪੁਲਿਸ ਨੇ ਜੋੜੇ ਦੀ ਪਛਾਣ ਕੁਰਟ ਪੀ ਵਿਲਾਨੀ ਅਤੇ ਮੋਨਿਕਾ ਵਿਲਾਨੀ ਵਜੋਂ ਕੀਤੀ ਹੈ।

## ਗੋਲੀਬਾਰੀ ਵਿਚ ਇਕ ਵਿਅਕਤੀ ਜ਼ਖ਼ਮੀ

ਸਰੀ-ਪਿਛਲੇ ਦਿਨੀ ਦੱਖਣੀ ਸਰੀ ਵਿਚ ਇਕ ਵਿਅਕਤੀ ਨੂੰ ਗੋਲੀ ਮਾਰ ਕੇ ਜ਼ਖ਼ਮੀ ਕਰ ਦਿੱਤਾ ਗਿਆ ਜਿਸ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਆਰਸੀਐਮਪੀ ਨੂੰ ਦੁਪਹਿਰ ਤੋਂ ਪਹਿਲਾਂ 12ਬੀ ਐਵੀਨਿਊ ਦੇ 13900 ਬਲਾਕ ਵਿਚ ਗੋਲੀ ਚੱਲਣ ਦੀਆਂ ਕਈ ਰਿਪੋਰਟਾਂ ਮਿਲੀਆਂ। ਪੁਲਿਸ ਮੌਕੇ 'ਤੇ ਪੁੱਜੀ ਅਤੇ ਗੋਲੀਬਾਰੀ ਦੇ ਸਬੂਤ ਮਿਲੇ ਪਰ ਕੋਈ ਪੀੜਤ ਨਾ ਮਿਲਿਆ। ਜ਼ਖ਼ਮੀ ਵਿਅਕਤੀ ਨੂੰ ਪਹਿਲਾਂ ਹੀ ਸਥਾਨਕ ਹਸਪਤਾਲ ਲਿਜਾਇਆ ਗਿਆ ਸੀ। ਉਸ ਦੀ ਹਾਲਤ ਖ਼ਤਰੇ ਤੋਂ ਬਾਹਰ ਹੈ। ਇਹ ਗੋਲੀਬਾਰੀ ਮਿਥ ਕੇ ਕੀਤੀ ਗਈ ਘਟਨਾ ਲਗਦੀ ਹੈ ਅਤੇ ਪੀੜਤ ਨੂੰ ਪੁਲਿਸ ਜਾਣਦੀ ਹੈ ਅਤੇ ਉਹ ਬੀਸੀ ਗੈਂਗ ਵਿਵਾਦ ਨਾਲ ਜੁੜਿਆ ਹੋਇਆ ਹੈ।

## ਦੋ ਕਾਰਾਂ ਦੀ ਟੱਕਰ ਵਿਚ ਇਕ ਵਿਅਕਤੀ ਦੀ ਮੌਤ

ਸਰੀ-ਦੋ ਕਾਰਾਂ ਦੀ ਟੱਕਰ ਵਿਚ ਇਕ ਵਿਅਕਤੀ ਦੀ ਮੌਤ ਹੋ ਗਈ। ਪਿਛਲੇ ਦਿਨੀ ਨਿਊਟਨ ਵਿਚ 128 ਸਟਰੀਟ ਅਤੇ 82 ਐਵੀਨਊ ਦੇ ਚੌਰਾਹੇ ਵਿਖੇ ਦੋ ਮੋਟਰ ਗੱਡੀਆਂ ਦੀ ਟੱਕਰ ਬਾਰੇ ਸਰੀ ਆਰਸੀਐਮਪੀ ਨੂੰ ਰਿਪੋਰਟ ਮਿਲੀ। ਚਿੱਟੇ ਰੰਗ ਦੀ ਫੋਰਡ ਮਸਟੈਂਗ 128 ਸਟਰੀਟ 'ਤੇ ਦੱਖਣ ਵਾਲੇ ਪਾਸੇ ਜਾ ਰਹੀ ਸੀ ਜਦੋਂਕਿ ਕਾਲੇ ਰੰਗ ਦੀ ਟੋਇਟਾ ਕੋਰੋਲਾ 128 ਸਟਰੀਟ 'ਤੇ ਉੱਤਰ ਵਾਲੇ ਪਾਸੇ ਨੂੰ ਜਾ ਰਹੀ ਸੀ। 82 ਐਵੀਨਿਊ ਦੇ ਚੌਰਾਹੇ 'ਤੇ ਕੋਰੋਲਾ ਮਸਟੈਂਗ ਦੇ ਰਸਤੇ ਵਿਚ ਆ ਗਈ। ਇਸ ਪਿੱਛੋਂ ਹੋਈ ਟੱਕਰ ਵਿਚ ਦੋਵਾਂ ਮੋਟਰ ਗੱਡੀਆਂ ਨੂੰ ਕਾਫੀ ਨੁਕਸਾਨ ਪੁੱਜਾ। ਮਸਟੈਂਗ ਦੇ ਮਰਦ ਡਰਾਈਵਰ ਨੂੰ ਮਾਮੂਲੀ ਸੱਟਾਂ ਨਾਲ ਹਸਪਤਾਲ ਲਿਜਾਇਆ ਗਿਆ। ਟੋਇਟਾ ਕੋਰੋਲਾ ਦੇ ਬਾਲਗ ਮਰਦ ਪੈਸੰਜਰ ਨੂੰ ਵੀ ਗੰਭੀਰ ਹਾਲਤ ਵਿਚ ਹਸਪਤਾਲ ਲਿਜਾਇਆ ਗਿਆ ਜਿਥੇ ਉਸ ਨੇ ਜ਼ਖ਼ਮਾਂ ਦੀ ਤਾਬ ਨਾ ਝਲਦਿਆਂ ਦਮ ਤੋੜ ਦਿੱਤਾ। ਕੋਰੋਲਾ ਦਾ ਡਰਾਈਵਰ ਮੌਕੇ ਤੋਂ ਪੈਦਲ ਭੱਜ ਗਿਆ।

## ਪੁਲਿਸ ਵਲੋਂ ਨਿਊਟਨ 'ਚ ਗੋਲੀਬਾਰੀ ਦੀ ਜਾਂਚ

ਸਰੀ-ਪੁਲਿਸ ਵਲੋਂ ਪਿਛਲੇ ਦਿਨੀ ਸ਼ਾਮ 4.13 ਵਜੇ 68 ਐਵੀਨਿਊ ਦੇ 12700 ਬਲਾਕ ਵਿਖੇ ਹੋਈ ਗੋਲੀਬਾਰੀ ਦੀ ਜਾਂਚ ਕਰ ਰਹੀ ਹੈ। ਇਸ ਘਟਨਾ ਵਿਚ ਕੋਈ ਵੀ ਵਿਅਕਤੀ



ਜ਼ਖ਼ਮੀ ਨਹੀਂ ਹੋਇਆ ਪਰ ਗੋਲੀਬਾਰੀ ਨਾਲ ਇਕ ਘਰ ਨੂੰ ਨੁਕਸਾਨ ਪੁੱਜਾ ਹੈ। ਜਾਂਚ ਅਧਿਕਾਰੀਆਂ ਦਾ ਮੰਨਣਾ ਕਿ ਇਹ ਇਕ ਅਲੱਗ ਥਲੱਗ ਘਟਨਾ ਸੀ ਅਤੇ ਇਸ ਦਾ ਜਨਤਕ ਸੁਰੱਖਿਆ ਨੂੰ ਕੋਈ ਖ਼ਤਰਾ ਨਹੀਂ ਫਿਰ ਵੀ ਅਧਿਕਾਰੀ ਇਸ ਘਟਨਾ ਦੀ ਵਜ੍ਹਾ ਜਾਨਣ ਲਈ ਅਜੇ ਕੰਮ ਕਰ ਰਹੇ ਹਨ। ਪੁਲਿਸ ਲੋਕਾਂ ਨੂੰ ਕਹਿ ਰਹੀ ਹੈ ਕਿ ਕਿਸੇ ਕੋਲ ਜਾਣਕਾਰੀ ਹੋਵੇ ਤਾਂ ਉਸ ਨਾਲ ਸੰਪਰਕ ਕੀਤਾ ਜਾਵੇ।

## ਖ਼ੂਨਦਾਨ ਕਰਨ ਵਾਲਿਆਂ 'ਤੇ ਲੰਬੇ ਸਮੇਂ ਤੋਂ ਲਗਾਈ ਪਾਬੰਦੀ ਚੁੱਕੀ



ਓਟਵਾ-ਹੈਲਥ ਕੈਨੇਡਾ ਨੇ ਉਨ੍ਹਾਂ ਲੋਕਾਂ ਨੂੰ ਖ਼ਾਨਦਾਨ ਕਰਨ 'ਤੇ ਲਗਾਈ ਪਾਬੰਦੀ ਚੁੱਕਣ ਦੀ ਮਨਜ਼ੂਰੀ ਦਿੱਤੀ ਹੈ ਜਿਹੜੇ 1980 ਅਤੇ 1990 ਦੇ ਦਹਾਕਿਆਂ ਦੇ ਸਮੇਂ ਦੌਰਾਨ ਯੂਕੇ ਜਾਂ ਆਇਰਲੈਂਡ ਜਾਂ ਫਰਾਂਸ ਰਹਿੰਦੇ ਰਹੇ ਜਾਂ ਉਥੋਂ ਦੀ ਯਾਤਰਾ ਕੀਤੀ ਸੀ। ਬੋਵਾਈਨ ਸਪੌਂਜੀਫਾਰਮ ਇਨਸਫੈਲੋਪੈਥੀ ਜਾਂ ਮੈਡ ਕਾਉ ਰੋਗ ਦੇ ਮਨੁੱਖ ਰੂਪ ਕ੍ਰਟਜ਼ਫੀਲਜ਼ ਜੈਕਬ ਬਿਮਾਰੀ ਨੂੰ ਫੈਲਣ ਤੋਂ ਰੋਕਣ ਲਈ ਕਈ ਦੇਸ਼ਾਂ ਵਿਚ ਖ਼ੂਨ ਏਜੰਸੀਆਂ ਨੇ ਦੋ ਦਹਾਕੇ ਪਹਿਲਾਂ ਪਾਬੰਦੀ ਲਾਗੂ ਕੀਤੀ ਸੀ। ਕੈਨੇਡੀਅਨ ਬਲੱਡ ਸਰਵਸਿਜ਼ ਦੀ ਮੈਡੀਕਲ ਅਫਸਰ ਡਾਕਟਰ ਅਦਿਤੀ ਖੰਡੇਲਵਾਲ ਨੇ ਕਿਹਾ ਕਿ ਲਗਪਗ 30 ਸਾਲਾਂ ਦੀ ਖੋਜ ਤੇ ਨਿਗਰਾਨੀ ਨਾਲ ਇਹ ਸਪਸ਼ਟ ਹੋ ਗਿਆ ਹੈ ਕਿ ਜਿਹੜੇ ਲੋਕ ਪਹਿਲਾਂ ਯਾਤਰਾ ਮਾਪਦੰਡ ਤਹਿਤ ਖ਼ੂਨ ਦਾਨ ਕਰਨ ਦੇ ਯੋਗ ਨਹੀਂ ਸਨ ਹੁਣ ਉਹ ਸੁਰੱਖਿਅਤ ਢੰਗ ਨਾਲ ਖ਼ੂਨ ਦਾਨ ਕਰ ਸਕਦੇ ਹਨ। ਖੰਡੇਲਵਾਲ ਨੇ ਦੱਸਿਆ ਕਿ ਮਾਪਦੰਡ ਹਟਾ ਕੇ ਅਸੀ ਖ਼ੂਨ ਸਪਲਾਈ ਦੀ ਸੁਰੱਖਿਆ ਨੂੰ ਪ੍ਰਭਾਵਤ ਨਹੀਂ ਕਰਾਂਗੇ।






## ਡਾਊਨਟਾਊਨ ਵਿਨੀਪੈਗ ਵਿਚ ਗੋਲੀਬਾਰੀ ਦੌਰਾਨ ਦੋ ਭੈਣਾਂ ਸਮੇਤ ਚਾਰ ਵਿਅਕਤੀਆਂ ਦੀ ਮੌਤ

ਵਿਨੀਪੈਗ-ਵੀਕਐਂਡ 'ਤੇ ਡਾਊਨਟਾਊਨ ਵਿਨੀਪੈਗ ਵਿਚ ਗੋਲੀਬਾਰੀ ਦੌਰਾਨ ਦੋ ਭੈਣਾਂ ਸਮੇਤ ਚਾਰ ਵਿਅਕਤੀਆਂ ਦੀ ਮੌਤ ਹੋ ਗਈ। ਅਧਿਕਾਰੀਆਂ ਨੂੰ ਐਤਵਾਰ ਸ਼ਾਮ ਚਾਰ ਵਜੇ ਤੋਂ ਥੋੜ੍ਹੀ ਦੇਰ ਬਾਅਦ ਇਕ ਘਰ ਵਿਚ ਸੱਦਿਆ ਗਿਆ ਸੀ ਜਿਥੇ ਉਨ੍ਹਾਂ ਨੂੰ ਪੰਜ ਵਿਅਕਤੀ ਜ਼ਖ਼ਮੀ ਹਾਲਤ ਵਿਚ ਮਿਲੇ। ਇਕ ਮਰਦ ਅਤੇ ਇਕ ਔਰਤ ਨੂੰ ਮੌਕੇ 'ਤੇ ਮ੍ਰਿਤਕ ਐਲਾਨਿਆਂ ਗਿਆ ਅਤੇ ਇਕ ਹੋਰ ਵਿਅਕਤੀ ਦੀ ਹਸਪਤਾਲ ਵਿਚ ਮੌਤ ਹੋ ਗਈ। ਪੁਲਿਸ ਨੇ ਸੋਮਵਾਰ ਇਕ ਹੋਰ ਔਰਤ ਦੀ ਮੌਤ ਹੋ ਜਾਣ ਦਾ ਐਲਾਨ ਕੀਤਾ ਅਤੇ 55 ਸਾਲ ਦਾ ਪੰਜਵਾਂ ਵਿਅਕਤੀ ਗੰਭੀਰ ਹਾਲਤ ਵਿਚ ਹਸਪਤਾਲ ਵਿਚ ਦਾਖਲ ਹੈ। ਪੁਲਿਸ ਨੇ ਮ੍ਰਿਤਕਾਂ ਦੀ ਪਛਾਣ 34 ਸਾਲਾ ਕ੍ਰਿਸਟਲ ਬੀਅਰਡੀ, ਉਸ ਦੀ 33 ਸਾਲਾ ਭੈਣ ਸਟੈਫਨੀ ਬੀਅਰਡੀ, 29 ਸਾਲਾ ਮੇਲੇਲੇਕਲੇਸਿਕਲ ਅਤੇ 41 ਸਾਲਾ ਡਾਇਲਨ ਲਵੇਲੀ ਵਜੋਂ ਕੀਤੀ ਹੈ। ਦੋਵੇਂ ਭੈਣਾਂ ਵਿਨੀਪੈਗ ਵਿਚ ਲੇਕ ਸੈਂਟ ਮਾਰਟਿਨ ਫਸਟ ਨੇਸ਼ਨ ਨਾਲ ਸਬੰਧਤ ਸਨ। ਇਨ੍ਹਾਂ ਕਤਲਾਂ ਦੇ ਸਬੰਧ ਵਿਚ ਅਜੇ ਤਕ ਕੋਈ ਗ੍ਰਿਫਤਾਰੀ ਨਹੀਂ ਹੋਈ। ਇਸ ਮਾਮਲੇ ਵਿਚ ਪੁਲਿਸ ਲੋਕਾਂ ਤੋ ਮਦਦ ਮੰਗ ਰਹੀ ਹੈ।

## ਪਿਟ ਬੁੱਲ ਕੁੱਤੇ ਵਲੋਂ ਬੱਕਰੀ ਨੂੰ ਮਾਰਨ ਦੀ ਬਣਾਈ ਵੀਡੀਓ

ਵਿਕਟੋਰੀਆ-ਕਿਸੇ ਦੀ ਘਰ ਅੰਦਰ ਇਕ ਪਿਟ ਬੁੱਲ ਕੁੱਤੇ ਵਲੋਂ ਇਕ ਬੱਕਰੀ 'ਤੇ ਹਮਲਾ ਕਰਕੇ ਮਾਰਨ ਦੀ ਵੀਡੀਓ ਬਣਾਉਣ ਪਿੱਛੋਂ ਆਰਸੀਐਮਪੀ ਮਾਮਲੇ ਦੀ ਜਾਂਚ ਕਰ ਰਹੀ ਹੈ। ਡਿਟੈਚਮੈਂਟ ਦਾ ਕਹਿਣਾ ਕਿ ਹਮਲੇ ਦੀ ਆਨਲਾਈਨ ਪਾਈ ਵੀਡੀਓ ਤੋਂ ਪਤਾ ਲਗਦਾ ਹੈ ਕਿ ਹਮਲਾ ਦੇਖਣ ਵਾਲੇ ਕੋਲ ਖੜੇ ਸਨ ਅਤੇ ਹਮਲੇ ਲਈ ਉਤਸ਼ਾਹਿਤ ਕਰ ਰਹੇ ਸਨ। ਅਧਿਕਾਰੀਆਂ ਨੇ ਕ੍ਰਿਮੀਨਲ ਕੋਡ ਆਫ ਕੈਨੇਡਾ ਅਤੇ ਪ੍ਰੀਵੈਂਸ਼ਨ ਆਫ ਕਰੂਅਲਟੀ ਟੂ ਐਨੀਮਲਜ਼ ਐਕਟ ਤਹਿਤ ਇਕ ਘਰ ਦੀ ਤਲਾਸ਼ੀ ਵਾਰੰਟ ਹਾਸਲ ਕੀਤੇ ਅਤੇ ਬੱਕਰੀ ਦਾ ਪਿੰਜਰ ਬਰਾਮਦ ਕੀਤਾ। ਆਰਸੀਐਮਪੀ ਨੇ ਦੱਸਿਆ ਕਿ ਘਰ ਗ੍ਰੇਨਾਈਟ ਐਵੀਨਿਊ ਦੇ 2600 ਬਲਾਕ ਵਿਚ ਸਥਿਤ ਹੈ ਜੋ ਹਾਈਵੇਅ 5 ਦੇ ਨੇੜੇ ਪੈਂਦਾ ਹੈ। ਡਿਟੈਚਮੈਂਟ ਨੇ ਕਿਹਾ ਕਿ ਉਹ ਇਹ ਪਤਾ ਲਗਾਉਣ ਲਈ ਬੱਕਰੀ ਦੀ ਪਛਾਣ ਕਰਨ ਦੀ ਕੋਸ਼ਿਸ਼ ਕਰ ਰਹੇ ਹਨ ਕਿ ਇਹ ਕਿਥੋਂ ਆਈਸੀ ਅਤੇ ਕੀ ਇਹ ਚੋਰੀ ਕੀਤੀ ਗਈ ਸੀ, ਵੇਚੀ ਗਈ ਜਾਂ ਉਂਜ ਦਿੱਤੀ ਗਈ ਸੀ। ਇਸ ਸਬੰਧ ਵਿਚ ਅਜੇ ਤਕ ਕੋਈ ਗ੍ਰਿਫ਼ਤਾਰੀ ਨਹੀਂ ਹੋਈ।

## ਈਸਟ ਕੂਟੇਨੇ ਵਿਚ ਛੋਟਾ ਜਹਾਜ਼ ਦੁਰਘਟਨਾ ਗ੍ਰਸਤ-ਪਾਇਲਟ ਦੀ ਮੌਤ

ਵਿਕਟੋਰੀਆ-ਬ੍ਰਿਟਿਸ਼ ਕੋਲੰਬੀਆ ਵਿਚ ਬ੍ਰਿਸਕੋ ਨੇੜੇ ਜੰਗਲੀ ਇਲਾਕੇ ਵਿਚ ਇਕ ਛੋਟੇ ਜਹਾਜ਼ ਦੇ ਦੁਰਘਟਨਾ ਗ੍ਰਸਤ ਹੋਣ ਨਾਲ ਪਾਇਲਟ ਦੀ ਮੌਤ ਹੋ ਗਈ। ਕੋਲੰਬੀਆ ਵੈਲੀ ਆਰਸੀਐਮਪੀ ਡਿਟੈਚਮੈਂਟ ਨੂੰ ਰਿਪੋਰਟ ਮਿਲੀ ਸੀ ਕਿ ਇਕ ਛੋਟਾ ਜਹਾਜ਼ ਦੁਰਘਟਨਾ ਗ੍ਰਸਤ ਹੋ ਗਿਆ। ਜਹਾਜ਼ ਵਿਚ ਇਕੱਲਾ ਪਾਇਲਟ ਸਵਾਰ ਸੀ।

# ਟਾਇਰਲ ਨਗੁਏਨ ਮੱਲ੍ਹੀ ਤੇ ਕੰਗ ਦੇ ਕਤਲ ਲਈ ਦੋਸ਼ੀ ਕਰਾਰ



ਸਰੀ-ਇਥੋਂ ਦੇ ਇਕ ਵਿਅਕਤੀ ਨੂੰ ਸਰੀ ਦੇ ਇਕ ਗੈਂਗਸਟਰ ਅਤੇ ਐਬਟਸਫੋਰਡ ਦੇ ਇਕ ਨਿਰਦੋਸ਼ ਵਿਅਕਤੀ ਦਾ ਕਤਲ ਕਰਨ ਅਤੇ ਦੋ ਹੋਰਨਾਂ ਦੀ ਜਾਨ ਲੈਣ ਦੀ ਕੋਸ਼ਿਸ਼ ਕਰਨ ਲਈ ਦੋਸ਼ੀ ਪਾਇਆ ਗਿਆ ਹੈ। 24 ਸਾਲਾ ਟਾਇਰਲ ਨਗੁਏਨ ਨੂੰ 27 ਸਾਲਾ ਰੈਡੀ ਕੰਗ ਦਾ 27 ਅਕਤੂਬਰ 2017 ਅਤੇ ਐਬਟਸਫੋਰਡ ਦੇ ਵਾਸੀ 19 ਸਾਲਾ ਜਗਵੀਰ ਮੱਲ੍ਹੀ ਦਾ 12 ਨਵੰਬਰ 2018 ਨੂੰ ਫਸਟ ਡਿਗਰੀ ਕਤਲ ਕਰਨ ਲਈ ਦੋਸ਼ੀ ਪਾਇਆ ਗਿਆ ਹੈ। ਨਗੁਏਨ ਕੰਗ ਦੇ ਭਰਾ ਗੈਰੀ ਅਤੇ ਕੰਗ ਭਰਾਵਾਂ ਦੇ ਸਾਥੀ ਕੈਮਿਲੋ ਅਲੋਂਸੋ ਨੂੰ 27 ਅਕਤੂਬਰ 2017 ਨੂੰ ਮਾਰਨ ਦੀ ਕੋਸ਼ਿਸ਼ ਕਰਨ ਲਈ ਵੀ ਦੋਸ਼ੀ ਪਾਇਆ ਗਿਆ ਹੈ। ਜਸਟਿਸ ਮਿਰੀਅਮ ਗ੍ਰੋਪਰ ਨੇ ਵੈਨਕੂਵਰ ਵਿਚ ਬੀਸੀ ਦੀ ਸੁਪਰੀਮ ਕੋਰਟ ਵਿਚ ਆਪਣਾ ਫ਼ੈਸਲਾ ਜਾਰੀ ਕੀਤਾ। ਫਸਟ ਡਿਗਰੀ ਕਤਲ ਵਿਚ ਸਜ਼ਾ ਦਾ ਮਤਲਬ 25 ਸਾਲ ਤਕ ਪੈਰੋਲ ਤੋਂ ਬਿਨ੍ਹਾਂ ਆਟੋਮੈਟਿਕ ਉਮਰ ਕੈਦ ਹੁੰਦੀ ਹੈ ਪਰ ਇਸ ਮਾਮਲੇ ਤੇ ਹੋਰ ਦੋਸ਼ਾਂ ਵਿਚ 8 ਦਸੰਬਰ ਨੂੰ ਸਜ਼ਾ ਸੁਣਾਈ ਜਾਵੇਗੀ। ਅਦਾਲਤ ਨੂੰ ਦੱਸਿਆ ਗਿਆ ਸੀ ਕਿ ਨਗੁਏਨ ਬਰਦਰਜ਼ ਕੀਮਰਜ਼ ਦਾ ਮੈਂਬਰ ਹੈ ਜਿਸ ਦੀ ਅਗਵਾਈ ਗੈਵਿਨ ਗਰੇਵਾਲ ਕਰਦਾ ਸੀ ਜਿਹੜਾ ਦਸੰਬਰ 2017 ਵਿਚ ਨੌਰਥ ਵੈਨਕੂਵਰ ਵਿਚ ਮਾਰਿਆ ਗਿਆ ਸੀ। ਉਨ੍ਹਾਂ ਦੇ ਵਿਰੋਧੀ ਜੈਮੀ ਬੈਕਨ ਦੀ ਅਗਵਾਈ ਵਾਲੇ ਰੈਡ ਸਕੌਰਪੀਓਨਜ਼ ਸਨ। ਕਰਾਊਨ ਦਾ ਬਹੁਤਾ ਮਾਮਲਾ ਇਕ ਪੁਲਿਸ ਏਜੰਟ 'ਤੇ ਆਧਾਰਤ ਹੈ ਜਿਸ ਦਾ ਨਾਂਅ ਪ੍ਰਕਾਸ਼ਨ ਪਾਬੰਦੀ ਤਹਿਤ ਸੁਰੱਖਿਅਤ ਹੈ। ਮੁਕੱਦਮੇ ਦੀ ਸੁਣਵਾਈ ਦੌਰਾਨ ਇਕ ਹੋਰ ਸੰਗੀਤ ਵੀਡੀਓ ਪੇਸ਼ ਕੀਤਾ ਗਿਆ ਜਿਹੜਾ ਨਗੁਏਨ ਨੇ ਬਣਾਇਆ ਸੀ ਅਤੇ ਵੀਡੀਓ ਗਰੇਵਾਲ ਨੂੰ ਸ਼ਰਧਾਂਜਲੀ ਵਜੋਂ ਯੂਟਿਊਬ 'ਤੇ ਪਾਈ ਸੀ ਅਤੇ ਕਿਹਾ ਸੀ ਕਿ ਕੰਗ ਦਾ ਕਤਲ ਬਦਲੇ ਦੀ ਕਾਰਵਾਈ ਹੈ।

# ਆਨਲਾਈਨ ਜਿਣਸੀ ਸੋਸ਼ਣ ਪਿੱਛੋਂ 12 ਸਾਲਾ ਬੱਚੇ ਨੇ ਕੀਤੀ ਸੀ ਖ਼ੁਦਕੁਸ਼ੀ




ਪ੍ਰਿੰਸ ਜੌਰਜ-ਆਨਲਾਈਨ ਜਿਣਸੀ ਸੋਸ਼ਣ ਕਾਰਨ ਅਕਤੂਬਰ ਮਹੀਨੇ 12 ਸਾਲਾ ਬੱਚੇ ਵਲੋਂ ਖ਼ੁਦਕੁਸ਼ੀ ਕਰਨ ਪਿੱਛੋਂ ਬੱਚੇ ਕਾਰਸਨ ਕਲੇਲੈਂਡ ਦੇ ਮਾਪਿਆਂ ਅਤੇ ਉਨ੍ਹਾਂ ਦੀ ਸਥਾਨਕ ਪ੍ਰਿੰਸ ਜੌਰਜ ਆਰਸੀਐਮਪੀ ਡਿਟੈਚਮੈਂਟ ਕੈਨੇਡੀਅਨਾਂ ਨੂੰ ਚਿਤਾਵਨੀ ਦੇ ਰਹੇ ਹਨ ਕਿ ਉਹ ਆਪਣੇ ਬੱਚਿਆਂ ਨਾਲ ਸੋਸ਼ਲ ਮੀਡੀਆ ਆਦਤਾਂ ਬਾਰੇ ਗੱਲਬਾਤ ਕਰਨ। ਨਕੋਲਾ ਸਮਿਥ ਨੇ ਸੀਕੇਪੀਜੀ ਟੈਲੀਵੀਜ਼ਨ ਸਟੇਸ਼ਨ ਨੂੰ ਦੱਸਿਆ ਕਿ ਉਸ ਦਾ ਤੇ ਰਿਆਨ ਕਲੇਲੈਂਡ ਦਾ ਆਪਣੇ ਪੁੱਤਰ ਨਾਲ ਵਧੀਆ ਰਿਸ਼ਤਾ ਸੀ ਜਿਹੜਾ ਅਕਸਰ ਪਲੇਟਫਾਰਮ ਸਨੈਪਚੈਟ ਦੀ ਵਰਤੋਂ ਕਰਦਾ ਸੀ ਪਰ ਉਨ੍ਹਾਂ ਨੂੰ ਆਪਣੇ ਪੁੱਤਰ ਬਾਰੇ ਇਹ ਸਮਝਣ ਲਈ ਜ਼ਿਆਦਾ ਕੁਝ ਕਰਨਾ ਚਾਹੀਦਾ ਸੀ ਕਿ ਉਹ ਕੀ ਕਰ ਰਿਹਾ ਹੈ। ਆਪਣੇ ਬੱਚਿਆਂ ਨਾਲ ਬੱਚਿਆਂ ਦੇ ਸ਼ਿਕਾਰੀਆਂ ਅਤੇ ਜੋ ਕੁਝ ਵਾਪਰ ਰਿਹਾ ਹੈ ਅਤੇ ਆਨਲਾਈਨ ਸੁਰੱਖਿਅਤ ਰਹਿਣ ਬਾਰੇ ਗੱਲਬਾਤ ਕਰੋ। ਕਲੇਲੈਂਡ ਨੇ ਦੱਸਿਆ ਕਿ ਜੋ ਕੁਝ ਉਨ੍ਹਾਂ ਦੇ ਪੁੱਤਰ ਨਾਲ ਵਾਪਰਿਆ ਹੈ ਉਹ ਉਸ ਨਾਲ ਨਜਿੱਠਣ ਵਿਚ ਅਸਮਰਥ ਰਿਹਾ ਸੀ। ਪੁਲਿਸ ਨੇ ਇਸ ਹਫ਼ਤੇ ਇਕ ਬਿਆਨ ਵਿਚ ਦੱਸਿਆ ਕਿ ਅਧਿਕਾਰੀ 12 ਅਕਤੂਬਰ ਨੂੰ ਲੜਕੇ ਦੇ ਘਰ ਗਏ ਸੀ ਅਤੇ ਦੇਖਿਆ ਕਿ ਉਸ ਦੀ ਧੌਣ 'ਤੇ ਗੋਲੀ ਲੱਗੀ ਹੋਈ ਸੀ। ਉਨ੍ਹਾਂ ਵਲੋਂ ਕੀਤੀ ਜਾਂਚ ਦੌਰਾਨ ਬਾਅਦ ਵਿਚ ਪਤਾ ਲੱਗਾ ਕਿ ਉਸ ਨੇ ਸੈਕਸਟੋਰਸ਼ਨ ਦੇ ਸਿੱਟੇ ਵਜੋਂ ਆਪਣੇ ਆਪ ਨੂੰ ਖਤਮ ਕਰ ਲਿਆ ਹੈ। ਸੈਕਸਟੌਰਸ਼ਨ ਬਲੈਕਮੇਲ ਕਰਨ ਦਾ ਇਕ ਰੂਪ ਹੈ ਜਿਸ ਵਿਚ ਵਿਅਕਤੀ ਦੇ ਆਨਲਾਈਨ ਜਿਣਸੀ ਰਵੱਈਏ ਜਿਸ ਵਿਚ ਤਸਵੀਰਾਂ ਤੇ ਵੀਡੀਓ ਜਿਹੜੀਆਂ ਧੋਖੇ ਨਾਲ ਹਾਸਲ ਕੀਤੀਆਂ ਜਾਂਦੀਆਂ ਹਨ ਦਾ ਖ਼ੁਲਾਸਾ ਕਰਨ ਦੀਆਂ ਧਮਕੀਆਂ ਦਿੱਤੀਆਂ ਜਾਂਦੀਆਂ ਹਨ। ਜਾਂਚ ਅਧਿਕਾਰੀ ਮਾਮਲੇ ਵਿਚ ਸ਼ੱਕੀ ਦੀ ਪਛਾਣ ਕਰਨ ਦੀ ਕੋਸ਼ਿਸ਼ ਕਰ ਰਹੇ ਹਨ।

## ਪੁਲਿਸ ਵਲੋਂ ਪਿੱਛਾ ਕਰਨ ਦੌਰਾਨ ਟਰੈਕਟਰ ਹਾਈਵੇਅ 'ਤੇ ਪਲਟਿਆ

ਸਰੀ-ਬੀਸੀ ਹਾਈਵੇਅ ਪੈਟਰੋਲ ਸਰਵਿਸ ਮੈਂਬਰ ਜਦੋਂ ਇਕ ਫੋਨ ਕਾਲ ਨਾਲ ਨਜਿੱਠ ਰਹੇ ਸਨ ਤਾਂ ਉਨ੍ਹਾਂ ਦਾ ਹਾਈਵੇਅ ਇਕ 'ਤੇ ਟਰੈਕਟਰ ਚਲਾ ਰਹੇ ਇਕ ਵਿਅਕਤੀ ਨਾਲ ਸਾਹਮਣਾ ਹੋ ਗਿਆ ਜਿਹੜਾ ਸੰਭਵ ਤੌਰ 'ਤੇ ਇਕ ਰੋਸ ਮਜ਼ਾਹਰੇ ਵਿਚ ਸ਼ਾਮਿਲ ਸੀ। ਪੁਲਿਸ ਨੇ ਟਰੈਕਟਰ ਦਾ176ਵੀਂ ਸਟਰੀਟ ਆਫਰੈਂਪ ਤਕ ਪਿੱਛਾ ਕੀਤਾ ਜਿਥੇ ਇਹ ਬੀਸੀ ਹਾਈਵੇਅ ਪੈਟਰੋਲ ਮੋਟਰ ਗੱਡੀ ਨਾਲ ਟਕਰਾ ਗਿਆ। ਇਸ ਟੱਕਰ ਨਾਲ ਪੁਲਿਸ ਮੋਟਰ ਗੱਡੀ ਤੇ ਟਰੈਕਟਰ ਨੂੰ ਕਾਫੀ ਨੁਕਸਾਨ ਪੁੱਜਾ। ਹੁਣ ਫਾਰਮ ਟਰੈਕਟਰ ਅਤੇ ਆਰਸੀਐਮਪੀ ਦੀ ਕਰੂਜ਼ਰ ਦੀ ਹਾਈਵੇਅ 'ਤੇ ਹੋਈ ਟੱਕਰ ਦੀ ਇੰਡੀਪੈਂਡੈਂਟ ਇਨਵੈਸਟੀਗੇਸ਼ਨ ਆਫਿਸ ਜਾਂਚ ਕਰ ਰਿਹਾ ਹੈ। ਦੁਰਘਟਨਾ ਵਿਚ ਟਰੈਕਟਰ ਦਾ ਡਰਾਈਵਰ, ਚਿਲੀਵੈਕ ਦਾ ਸਟਰਾਅਬੇਰੀ ਕਿਸਾਨ ਬਿਲ ਸ਼ੋਕਲ ਜ਼ਖ਼ਮੀ ਹੋ ਗਿਆ ਅਤੇ ਉਹ ਵਿਰੋਧ ਪ੍ਰਦਰਸ਼ਨ ਦਾ ਹਿੱਸਾ ਸੀ। ਸ਼ੋਕਰ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ।

## ਫਰਾਂਸ ਵਿਚ ਅਧਿਆਪਕ ਦਾ ਸਿਰ ਕਲਮ ਕਰਨ ਵਾਲੇ 6 ਕਿਸ਼ੋਰਾਂ 'ਤੇ ਮੁਕੱਦਮਾ

ਪੈਰਿਸ-2020 ਵਿਚ ਸ਼ੱਕੀ ਇਸਲਾਮਿਸਟ ਵਲੋਂ ਫਰੈਂਚ ਇਤਿਹਾਸ ਦੇ ਅਧਿਆਪਕ ਸੈਮੂਅਲ ਪੈਟੀ ਦਾ ਹਮਲੇ ਵਿਚ ਸਿਰ ਕਲਮ ਕਰਨ ਦੇ ਦੋਸ਼ ਵਿਚ 6 ਕਿਸ਼ੋਰਾਂ 'ਤੇ ਬੰਦ ਕਮਰਿਆਂ ਵਿਚ ਕੇਸ ਚਲਾਇਆ ਜਾ ਰਿਹਾ ਹੈ। ਅਧਿਆਪਕ ਨੇ ਪ੍ਰਗਟਾਵੇ ਦੀ ਆਜ਼ਾਦੀ ਦੇ ਹੱਕ ਨੂੰ ਲੈ ਕੇ ਕਲਾਸ ਵਿਚ ਆਪਣੇ ਵਿਦਿਆਰਥੀਆਂ ਨੂੰ ਪੈਗੰਬਰ ਮੁਹੰਮਦ ਦੇ ਕਾਰਟੂਨ ਦਿਖਾਏ ਸਨ ਜਿਸ ਤੋਂ ਵੱਡੀ ਗਿਣਤੀ ਵਿਚ ਮੁਸਲਿਮ ਮਾਪੇ ਗੁੱਸੇ ਵਿਚ ਆ ਗਏ। ਮੁਸਲਮਾਨਾਂ ਦਾ ਮੰਨਣਾ ਕਿ ਪੈਗੰਬਰ ਦਾ ਕੋਈ ਵੀ ਚਿਤਰਣ ਈਸ਼ਨਿੰਦਾ ਹੈ। ਨਾਬਾਲਗਾਂ ਵਿਚੋਂ ਇਕ 15 ਸਾਲਾ ਲੜਕੀ ਹੈ ਜਿਸ ਨੇ ਕਥਿਤ ਰੂਪ ਵਿਚ ਆਪਣੇ ਮਾਪਿਆਂ ਨੂੰ ਦੱਸਿਆ ਕਿ ਪੈਟੀ ਨੇ ਉਸ ਦੀ ਕਲਾਸ ਵਿਚ ਪੈਗੰਬਰ ਦੇ ਕਾਰਟੂਨ ਦਿਖਾਏ ਹਨ। ਇਹ ਗੱਲ ਸਾਬਤ ਹੋਣ ਕਿ ਜਦੋਂ ਇਹ ਘਟਨਾ ਵਾਪਰੀ ਉਹ ਕਲਾਸ ਵਿਚ ਮੌਜੂਦ ਨਹੀਂ ਸੀ ਪਿੱਛੋਂ ਉਸ ਦੇ ਖਿਲਾਫ ਝੂਠਾ ਦੋਸ਼ ਲਗਾਉਣ ਦੇ ਦੋਸ਼ ਲਗਾਏ ਜਾਣਗੇ। 47 ਸਾਲਾ ਪੈਟੀ ਨੂੰ ਪੈਰਿਸ ਦੇ ਉਪਸ਼ਹਿਰੀ ਇਲਾਕੇ ਵਿਚ ਸਕੂਲ ਦੇ ਬਾਹਰ 18 ਸਾਲਾ ਹਮਲਾਵਰ ਨੇ ਮਾਰ ਦਿੱਤਾ ਸੀ ਜਿਹੜਾ ਰੂਸ ਦੇ ਚੇਚਨ ਖੇਤਰ ਵਿਚ ਪੈਦਾ ਹੋਇਆ ਸੀ ਜਿਸ ਨੂੰ ਪੁਲਿਸ ਨੇ ਹਮਲੇ ਤੋਂ ਤੁਰੰਤ ਬਾਅਦ ਮਾਰ ਦਿੱਤਾ ਸੀ। ਜਿਨ੍ਹਾਂ ਹੋਰ ਨਾਬਾਲਗਾਂ 'ਤੇ ਮੁਕੱਦਮਾ ਚਲਾਇਆ ਜਾਣਾ ਹੈ ਉਨ੍ਹਾਂ ਦੀ ਉਮਰ ਹਮਲੇ ਸਮੇਂ 14 ਤੇ 15 ਸਾਲ ਦੇ ਵਿਚਕਾਰ ਸੀ। ਉਨ੍ਹਾਂ 'ਤੇ ਸ਼ੱਕ ਹੈ ਕਿ ਉਨ੍ਹਾਂ ਨੇ ਕਾਤਲ ਨੂੰ ਪੈਟੀ ਬਾਰੇ ਇਸ਼ਾਰਾ ਕੀਤਾ ਅਤੇ ਸਕੂਲ ਤੋਂ ਉਸ ਦੇ ਬਾਹਰ ਜਾਣ ਸਮੇਂ ਨਜ਼ਰ ਰੱਖਣ ਵਿਚ ਮਦਦ ਕੀਤੀ ਸੀ। ਸਾਰੇ 6 ਨਾਬਲਗਾਂ ਦਾ ਮਾਮਲਾ ਚਿਲਡਰਨ ਅਦਾਲਤ ਨੂੰ ਸੌਂਪਿਆ ਗਿਆ ਹੈ ਅਤੇ ਉਹ 2.5 ਸਾਲ ਕੈਦ ਦੀ ਸਜ਼ਾ ਦਾ ਸਾਹਮਣਾ ਕਰ ਸਕਦੇ ਹਨ।






# ਕੈਨੇਡਾ-ਭਾਰਤ ਸੰਬੰਧਾਂ ਵਿਚਾਲੇ ਤਣਾਅ ਤੋਂ ਕੁਝ ਰਾਹਤ...

## ਪ੍ਰਦਰਸ਼ਨਕਾਰੀਆਂ ਦਾ ਵਿਹਾਰ ਕੈਨੇਡੀਅਨ ਵਿਚਾਰਾਂ ਦੀ ਆਜ਼ਾਦੀ ਉਪਰ ਤਨਜ਼

**ਸੁਖਵਿੰਦਰ ਸਿੰਘ ਚੋਹਲਾ**



ਕੈਨੇਡਾ-ਭਾਰਤ ਸਬੰਧਾਂ ਵਿਚਾਲੇ ਬਣੇ ਤਣਾਅ ਭਰੇ ਮਾਹੌਲ ਤੋਂ ਕੁਝ ਰਾਹਤ ਮਹਿਸੂਸ ਜਾ ਸਕਦੀ ਹੈ। ਬੀਤੀ 22 ਨਵੰਬਰ ਤੋਂ ਭਾਰਤ ਨੇ ਕੈਨੇਡੀਅਨ ਨਾਗਰਿਕਾਂ ਲਈ ਈ-ਵੀਜ਼ਾ ਸੇਵਾਵਾਂ ਲਗਪਗ ਦੋ ਮਹੀਨਿਆਂ ਮਗਰੋਂ ਬਹਾਲ ਕਰਨ ਦਾ ਐਲਾਨ ਕੀਤਾ ਹੈ । ਕੈਨੇਡਾ ਅਤੇ ਭਾਰਤ ਨੂੰ ਹਮੇਸ਼ਾ ਮਿੱਤਰ ਮੁਲਕਾਂ ਵਜੋਂ ਵੇਖਿਆ ਜਾਂਦਾ ਰਿਹਾ ਹੈ। ਦੋਵਾਂ ਮੁਲਕਾਂ ਦੇ ਸ਼ਹਿਰੀਆਂ ਨੇ ਸ਼ਾਇਦ ਕਦੇ ਕਿਆਸ ਨਹੀ ਸੀ ਕਿ ਕੀਤਾ ਦੋਵਾਂ ਮੁਲਕਾਂ ਦੇ ਸਬੰਧ ਇਸ ਕਦਰ ਵਿਗੜ ਵੀ ਸਕਦੇ ਹਨ। ਕੈਨੇਡਾ ਉਹ ਮੁਲਕ ਹੈ ਜਿਥੇ ਭਾਰਤੀ ਮੂਲ ਦੇ 15 ਲੱਖ ਦੇ ਕਰੀਬ ਲੋਕ ਵਸਦੇ ਹਨ। ਹਰ ਸਾਲ ਲੱਖਾਂ ਲੋਕ ਸੈਲਾਨੀ ਵਜੋ ਅਤੇ ਨੌਜਵਾਨ ਸਟੂਡੈਂਟ ਵੀਜੇ ਉਪਰ ਕੈਨੇਡਾ ਆਉਂਦੇ ਹਨ। ਦੋਵਾਂ ਮੁਲਕਾਂ ਦੇ ਆਵਾਮ ਦੀ ਆਵਾਜਾਈ ਆਮ ਹੋਣ ਕਰਕੇ, ਦੁਵੱਲੇ ਸਬੰਧਾਂ ਵਿਚ ਤਣਾਅ ਹਰ ਕਿਸੇ ਨੂੰ ਪ੍ਰੇਸ਼ਾਨ ਕਰਨ ਵਾਲਾ ਹੈ। ਇਸ ਦੌਰਾਨ ਭਾਵੇਂਕਿ ਕੈਨੇਡਾ ਨੇ ਭਾਰਤੀਆਂ ਨੂੰ ਵਿਜਟਰ ਵੀਜਾ ਜਾਂ ਇਮੀਗ੍ਰੇਸ਼ਨ ਸੇਵਾਵਾਂ ਤੋਂ ਇਨਕਾਰ ਨਹੀ ਕੀਤਾ ਪਰ ਭਾਰਤ ਵਲੋਂ ਕੈਨੇਡੀਅਨ ਨਾਗਰਿਕਾਂ ਨੂੰ ਵੀਜਾ ਸੇਵਾਵਾਂ ਰੱਦ ਕਰਨ ਨਾਲ ਲੋਕਾਂ ਲਈ ਸਥਿਤੀ ਬੜੀ ਉਲਝਣ ਭਰੀ ਬਣੀ ਪਈ ਸੀ। ਸਰਦ ਰੁੱਤੇ ਲੱਖਾਂ ਇੰਡੋ ਕੈਨੇਡੀਅਨ ਸਮਾਜਿਕ ਕਾਰ ਵਿਹਾਰਾਂ ਲਈ ਭਾਰਤ ਵੱਲ ਰੁਖ ਕਰਦੇ ਹਨ ਪਰ ਭਾਰਤੀ ਵੀਜਾ ਸੇਵਾਵਾਂ ਠੱਪ ਹੋਣ ਕਾਰਣ ਲੋਕ ਭਾਰੀ ਪ੍ਰੇਸ਼ਾਨੀ ਵਿਚੋਂ ਗੁਜਰ ਰਹੇ ਸਨ । ਕੁਝ ਸਮਾਂ ਪਹਿਲਾਂ ਭਾਰਤ ਨੇ ਵਪਾਰ, ਕਾਰੋਬਾਰ, ਮੈਡੀਕਲ, ਕਾਨਫਰੰਸਾਂ ਵਾਸਤੇ ਵੀਜਾ ਸਹੂਲਤ ਬਹਾਲ ਕੀਤੀ ਸੀ ਪਰ ਰੈਗੂਲਰ ਵਿਜਟਰ ਵੀਜਾ ਸਹੂਲਤ ਨਾ ਹੋਣ ਕਾਰਣ ਪ੍ਰੇਸ਼ਾਨੀ ਜਿਉਂ ਦੀ ਤਿਉਂ ਬਣੀ ਹੋਈ ਸੀ ਪਰ ਹੁਣ ਭਾਰਤ ਨੇ ਰੈਗੂਲਰ ਵੀਜਾ ਸਹੂਲਤ ਬਹਾਲ ਕਰਕੇ ਇੰਡੋ ਕੈਨੇਡੀਅਨ ਲੋਕਾਂ ਨੂੰ ਵੱਡੀ ਰਾਹਤ ਪ੍ਰਦਾਨ ਕੀਤੀ ਹੈ। ਜਿਕਰਯੋਗ ਹੈ ਕਿ ਦੋਵਾਂ ਮੁਲਕਾਂ ਵਿਚਾਲੇ ਸਬੰਧਾਂ ਵਿਚ ਵਿਗਾੜ ਉਦੋਂ ਆਇਆ ਜਦੋਂ ਜੂਨ ਮਹੀਨੇ ਕੈਨੇਡੀਅਨ ਨਾਗਰਿਕ ਅਤੇ ਖਾਲਿਸਤਾਨੀ ਆਗੂ ਹਰਦੀਪ ਸਿੰਘ ਨਿੱਝਰ ਦੀ ਅਣਪਛਾਤੇ ਲੋਕਾਂ ਵਲੋਂ ਕੀਤੀ ਗਈ ਹੱਤਿਆ ਦੇ ਮਾਮਲੇ ਵਿਚ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਭਾਰਤ ਦਾ ਹੱਥ ਹੋਣ ਦੇ ਦੋਸ਼ ਲਗਾਏ ਸਨ। ਭਾਰਤ ਨੇ ਇਹਨਾਂ ਦੋਸ਼ਾਂ ਨੂੰ ਬੇਹੂਦਾ ਕਰਾਰ ਦਿੰਦਿਆਂ ਸਬੂਤ ਪੇਸ਼ ਕਰਨ ਲਈ ਕਿਹਾ ਸੀ। ਟਰੂਡੋ ਸਰਕਾਰ ਨੇ ਕੈਨੇਡੀਅਨ ਨਾਗਰਿਕ ਦੀ ਹੱਤਿਆ ਵਿਚ ਭਾਰਤੀ ਹੱਥ ਹੋਣ ਦਾ ਦੋਸ਼ ਲਗਾਉਂਦਿਆਂ ਓਟਵਾ ਸਥਿਤ ਇਕ ਭਾਰਤੀ ਅਧਿਕਾਰੀ ਨੂੰ ਦੇਸ਼ ਚੋ ਕੱਢ ਦਿੱਤਾ ਸੀ। ਬਦਲੇ ਵਿਚ ਭਾਰਤ ਨੇ ਵੀ ਕੈਨੇਡੀਅਨ ਅਧਿਕਾਰੀ ਨੂੰ ਜਾਣ ਦੇ ਹੁਕਮ ਦੇ ਦਿੱਤੇ। ਪਰ ਸਥਿਤੀ ਉਸ ਸਮੇਂ ਹੋਰ ਵਿਗੜ ਗਈ ਜਦੋਂ ਭਾਰਤ ਨੇ ਕੈਨੇਡਾ ਦੇ 41 ਹੋਰ ਅਧਿਕਾਰੀਆਂ ਨੂੰ ਭਾਰਤ ਛੱਡਣ ਦਾ ਅਲਟੀਮੇਟ ਦੇ ਦਿੱਤਾ। ਪਹਿਲਾਂ ਤਾਂ ਲੱਗਦਾ ਸੀ ਕਿ ਆਪਸੀ ਗੱਲਬਾਤ ਰਾਹੀਂ ਸਥਿਤੀ ਸੰਭਲ ਜਾਵੇਗੀ ਪਰ ਆਖਰ ਕੈਨੇਡਾ ਨੂੰ ਆਪਣੇ ਅਧਿਕਾਰੀ ਵਾਪਿਸ ਬੁਲਾਉਣੇ ਹੀ ਪਏ। ਇਸ ਉਪਰੰਤ ਦੋਵਾਂ ਮੁਲਕਾਂ ਅਤੇ ਕੂਟਨੀਤਕ ਅਧਿਕਾਰੀਆਂ ਵਿਚਾਲੇ ਗੱਲਬਾਤ ਦੌਰਾਨ ਕੌਮਾਂਤਰੀ ਮੰਚ ਉਪਰ ਦੂਸ਼ਣਬਾਜੀ ਸ਼ਾਂਤ ਨਹੀ ਹੋਈ। ਪ੍ਰਧਾਨ ਮੰਤਰੀ ਟਰੂਡੋ ਨੇ ਆਪਣੇ ਦੋਸ਼ ਦੁਹਰਾਏ ਅਤੇ ਵਿਦੇਸ ਮੰਤਰੀ ਜੌਲੀ ਨੇ ਵੀ ਕਿਹਾ ਕਿ ਉਹ ਭਾਰਤੀ ਹਮਰੁਤਬਾ ਤੋਂ ਇਸ ਮਾਮਲੇ ਤੇ ਸਹਿਯੋਗ ਦੀ ਮੰਗ ਕਰਦੇ ਹਨ। ਭਾਰਤ ਸਰਕਾਰ ਨੇ ਕੈਨੇਡਾ ਸਰਕਾਰ ਤੋਂ ਇਸ ਮਾਮਲੇ ਵਿਚ ਸਬੂਤਾਂ ਦੀ ਮੰਗ ਕਰਦਿਆਂ ਜੋਰ ਦਿੱਤਾ ਕਿ ਉਹਨਾਂ ਦੇ ਕੂਟਨੀਤਕ ਅਧਿਕਾਰੀ ਸੁਰੱਖਿਅਤ ਨਹੀ ਹਨ। ਉਹਨਾਂ ਨੂੰ ਵੱਖਵਾਦੀ ਤਾਕਤਾਂ ਵਲੋਂ ਨਿਤ ਡਰਾਇਆ ਧਮਕਾਇਆ ਜਾ ਰਿਹਾ ਹੈ। ਭਾਵੇਂਕਿ ਕੈਨੇਡਾ ਸਰਕਾਰ ਵਲੋਂ ਭਾਰਤੀ ਕੌਂਸਲਖਾਨਿਆਂ ਅਤੇ ਕੂਟਨੀਤਕ ਅਧਿਕਾਰੀਆਂ ਨੂੰ ਸੁਰੱਖਿਆ ਦੇਣ ਦਾ ਵਾਅਦਾ ਕੀਤਾ ਗਿਆ ਪਰ ਭਾਰਤੀ ਕੌਂਸਲਖਾਨਿਆਂ ਤੇ ਅਧਿਕਾਰੀਆਂ ਖਿਲਾਫ ਰੋਸ ਪ੍ਰਦਰਸ਼ਨ ਜਾਰੀ ਰਹੇ। ਪਿਛਲੇ ਦਿਨੀਂ ਭਾਰਤੀ ਕੌਂਸਲਖਾਨਿਆਂ ਵਲੋਂ ਭਾਰਤੀ ਪੈਨਸ਼ਨਰਾਂ ਅਤੇ ਨਾਗਰਿਕਾਂ ਲਈ ਕੌਂਸਲਰ ਸਹੂਲਤਾਂ ਵਾਸਤੇ ਕੈਂਪ ਲਗਾਏ ਗਏ । ਇਸ ਦੌਰਾਨ ਵੀ ਖਾਲਿਸਤਾਨੀ ਸਮਰਥਕਾਂ ਵਲੋਂ ਉਹਨਾਂ ਖਿਲਾਫ ਵਿਰੋਧ ਪ੍ਰਦਰਸ਼ਨ ਸਾਹਮਣੇ ਆਏ ਹਨ। ਕੁਝ ਇਕ ਥਾਵਾਂ ਉਪਰ ਪ੍ਰਦਰਸ਼ਨਕਾਰੀਆਂ ਵਲੋਂ ਤਿਰੰਗੇ ਦਾ ਅਪਮਾਨ ਕਰਨ ਅਤੇ ਭਾਰਤੀ ਪੈਨਸ਼ਨਰਾਂ ਨਾਲ ਗੋਲੀ ਗਲੋਚ ਦੀਆਂ ਵਾਇਰਲ ਵੀਡੀਓਜ ਨਾਲ ਹਾਲਾਤ ਸੁਧਰਨ ਦੀ ਥਾਂ ਵਿਗੜਦੇ ਪ੍ਰਤੀਤ ਹੋਏ ਹਨ। ਭਾਰਤੀ ਵਿਦੇਸ਼ ਮੰਤਰੀ ਵਲੋਂ ਇਹਨਾਂ ਘਟਨਾਵਾਂ ਦੇ ਹਵਾਲੇ ਨਾਲ ਕੈਨੇਡੀਅਨ ਸਰਕਾਰ ਨੂੰ ਭਾਰਤੀ ਕੂਟਨੀਤਕਾਂ ਦੀ ਸੁਰੱਖਿਆ ਪ੍ਰਤੀ ਚਿੰਤਾ ਜਿਤਾਈ ਗਈ ਹੈ। ਕੈਨੇਡਾ ਸਰਕਾਰ ਆਪਣੇ ਵਿਚਾਰਾਂ ਦੀ ਆਜਾਦੀ ਦੇ ਪ੍ਰਗਟਾਵੇ ਦੇ ਆਧਾਰ ਤੇ ਰੋਸ ਮੁਜਾਹਰਿਆਂ ਨੂੰ ਜਾਇਜ਼ ਠਹਿਰਾਉਂਦੀ ਹੈ ਪਰ ਇਹਨਾਂ ਰੋਸ ਪ੍ਰਦਰਸ਼ਨਾਂ ਦੌਰਾਨ ਕਿਸੇ ਮੁਲਕ ਦੇ ਝੰਡੇ ਦਾ ਅਪਮਾਨ ਜਾਂ ਭਾਰਤੀ ਪੈਨਸ਼ਨਰਾਂ ਤੇ ਨਾਗਰਿਕਾਂ ਨੂੰ ਡਰਾਉਣ ਧਮਕਾਉਣ ਦੀਆਂ ਘਟਨਾਵਾਂ ਨੂੰ ਕਿਸੇ ਵੀ ਤਰਾਂ ਉਚਿਤ ਨਹੀ ਠਹਿਰਾਇਆ ਜਾ ਸਕਦਾ। ਪ੍ਰਦਰਸ਼ਨਕਾਰੀਆਂ ਦਾ ਇਹ ਵਿਹਾਰ ਨਾ ਕੈਨੇਡਾ ਤੇ ਨਾਹੀ ਉਹਨਾਂ ਦੇ ਆਪਣੇ ਭਾਈਚਾਰੇ ਦੇ ਹਿੱਤ ਵਿਚ ਹੈ। ਭਾਰਤੀ ਹਾਈ ਕਮਿਸ਼ਨਰ ਨੇ ਇਕ ਤਾਜਾ ਇੰਟਰਵਿਊ ਵਿਚ ਉਹਨਾਂ ਅਤੇ ਹੋਰ ਭਾਰਤੀ ਉਚ ਅਧਿਕਾਰੀਆਂ ਨੂੰ ਕਾਤਲ ਗਰਦਾਨਣ ਵਾਲੇ ਪੋਸਟਰਾਂ ਉਪਰ ਇਤਰਾਜ਼ ਪ੍ਰਗਟਾਉਂਦਿਆਂ ਕੈਨੇਡੀਅਨ ਵਿਚਾਰਾਂ ਦੀ ਆਜਾਦੀ ਉਪਰ ਤਨਜ਼ ਕੀਤਾ ਹੈ। ਉਹਨਾਂ ਕੈਨੇਡੀਅਨ ਨਾਗਰਿਕ ਦੀ ਹੱਤਿਆ ਦੇ ਮਾਮਲੇ ਵਿਚ ਭਾਰਤੀ ਹੱਥ ਹੋਣ ਦੇ ਦੋਸ਼ਾਂ ਨੂੰ ਨਾਕਾਰਦਿਆਂ ਕਿਹਾ ਹੈ ਕਿ ਜਿਸ ਕੂਟਨੀਤਕ ਖੁਫੀਆ ਗੱਲਬਾਤ ਦਾ ਹਵਾਲਾ ਪੁਖਤਾ ਸਬੂਤ ਹੋਣ ਵਜੋਂ ਦਿੱਤਾ ਜਾ ਰਿਹਾ ਹੈ, ਕੌਮਾਂਤਰੀ ਕਨੂੰਨ ਮੁਤਾਬਿਕ ਕਿਸੇ ਵੀ ਕੂਟਨੀਤਕ ਗੱਲਬਾਤ ਨੂੰ ਨਸ਼ਰ ਨਹੀ ਕੀਤਾ ਜਾ ਸਕਦਾ ਤੇ ਨਾਹੀ ਕਿਸੇ ਅਦਾਲਤ ਵਿਚ ਸਬੂਤ ਵਜੋਂ ਪੇਸ ਕੀਤਾ ਜਾ ਸਕਦਾ ਹੈ। ਉਹਨਾਂ ਦਾ ਮੰਨਣਾ ਹੈ ਕਿ ਕੈਨੇਡੀਅਨ ਪ੍ਰਧਾਨ ਮੰਤਰੀ ਵਲੋਂ ਲਗਾਏ ਗਏ ਦੋਸ਼ ਸਬੂਤਾਂ ਦੀ ਥਾਂ ਕਿਸੇ ਮਹਾਂਸ਼ਕਤੀ ਦੇ ਇਸ਼ਾਰੇ ਤੇ ਆਧਾਰਿਤ ਹਨ। ਇਸ ਸਭ ਦੇ ਬਾਵਜੂਦ ਉਹਨਾਂ ਦਾ ਕਹਿਣਾ ਹੈ ਕਿ ਭਾਰਤ ਕੈਨੇਡਾ ਨਾਲ ਵਪਾਰਕ ਸਬੰਧਾਂ ਵਿਚ ਮਜ਼ਬੂਤੀ ਦਾ ਹਾਮੀ ਹੈ। ਦੋਵਾਂ ਮੁਲਕਾਂ ਵਿਚਾਲੇ ਮੁਕਤ ਵਪਾਰ ਲਈ ਹੋਣ ਵਾਲੀ ਗੱਲਬਾਤ ਠੱਪ ਪਈ ਹੈ। ਭਾਰਤ ਇਸ ਗੱਲਬਾਤ ਨੂੰ ਮੁੜ ਅੱਗੇ ਵਧਾਉਣ ਵਾਸਤੇ ਕੈਨੇਡੀਅਨ ਵਪਾਰਕ ਵਫਦ ਨੂੰ ਜੀ ਆਇਆ ਕਹਿਣ ਲਈ ਤਿਆਰ ਹੈ । ਭਾਰਤ ਵਲੋਂ ਕੈਨੇਡੀਅਨ ਨਾਗਰਿਕਾਂ ਲਈ ਰੈਗੂਲਰ ਵੀਜਾ ਸੇਵਾਵਾਂ ਬਹਾਲ ਕਰਨ ਦਾ ਫੈਸਲਾ ਦੋਵਾਂ ਮੁਲਕਾਂ ਵਿਚਾਲੇ ਤਣਾਅ ਘਟਾਉਣ ਦੇ ਨਾਲ ਵਪਾਰਕ ਗੱਲਬਾਤ ਲਈ ਚੰਗਾ ਮੌਕਾ ਹੈ। ਕੈਨੇਡੀਅਨ ਨਾਗਰਿਕ ਦੀ ਹੱਤਿਆ ਦੇ ਮੁੱਦੇ ਉਪਰ ਜਾਂਚ ਜਾਂ ਸਹਿਯੋਗ ਦੀ ਮੰਗ ਵੀ ਦੁਵੱਲੀ ਗੱਲਬਾਤ ਰਾਹੀਂ ਹੀ ਸੰਭਵ ਹੈ।


ਸਟ੍ਰੋਕ ਦੇ ਸੰਕੇਤਾਂ ਨੂੰ ਜਾਣੋ

**F**ace ਚਿਹਰਾ: ਕੀ ਚਿਹਰਾ ਹੇਠਾਂ ਨੂੰ ਢਿਲਕ ਰਿਹਾ ਹੈ?

**A**rms ਬਾਹਵਾਂ: ਕੀ ਤੁਸੀਂ ਆਪਣੀਆਂ ਬਾਹਵਾਂ ਉੱਪਰ ਨੂੰ ਚੁੱਕ ਸਕਦੇ ਹੋ?

**S**peech ਗੱਲ-ਬਾਤ: ਕੀ ਤੁਹਾਡੀ ਗੱਲ-ਬਾਤ ਅਸਪਸ਼ਟ ਹੋ ਰਹੀ ਹੈ?

**T**ime ਸਮੇਂ: ਸਮੇਂ ਦੀ ਅਹਿਮੀਅਤ ਸਮਝੋ - ਝਟਪਟ 9-1-1 'ਤੇ ਫੋਨ ਕਰੋ।

FAST ਕਿਰਿਆ ਕਰੋ। ਜੀਵਨ ਨੂੰ ਬਚਾਉਣ ਵਾਲਾ ਇਲਾਜ ਤੁਹਾਡੇ ਦੁਆਰਾ 9-1-1 ਤੇ ਕਾਲ ਕਰਨ ਦੇ ਸਕਿੰਟ ਨਾਲ ਸ਼ੁਰੂ ਹੁੰਦਾ ਹੈ।

heartandstroke.ca/punjabi

Heart & Stroke

BRITISH COLUMBIA
Supported by the Province of British Columbia

© Heart and Stroke Foundation of Canada, 2022 | ™ The heart and / Icon on its own and the heart and / Icon followed by another icon or words are trademarks of the Heart and Stroke Foundation of Canada.



REAL ESTATE BUY & SELL
KULWANT ATWAL 604-716-2135

MORTGAGES 1st, 2nd or Private
BHAJAN ATWAL 604-773-8426

BUILD WITH WARRANTY
BUILD, SUPPORT & ADVICE TEAM WORK
604-773-8426
604-594-7592



Save Commissions & Get Sold Guaranteed
We Help Buyers With Cash Back
Buy, Sell, Mortgage or Build With Us:



amex A Mark of EXcellence
CENTUM

You Will Save Thousands Thousands Dollars

Buy With Us: Get Full Support
Sell With Us: Save Money
Build With Us: Warranty & Support

"Pre-Register Your House To Sell & Save Thousands Dollars & Guaranteed Sold"

RESIDENTIAL
CONSTRUCTION
COMMERCIAL
NEW IMMIGRANTS
SELF EMPLOYED

PRIVATE MORTGAGES
Support & Good Advice
Best Rate Honest Approach
Quick Approval & No Bank Rules*
Some conditions Apply

Real Estate, Mortgage, Build & Warranty, Private Mortgages
604-716-2135 604-773-8426

# ਔਰਤ ਦੀ ਬਰਾਬਰੀ : ਜਮਹੂਰੀ ਲਹਿਰਾਂ ਤੇ ਨਾਰੀ ਜਥੇਬੰਦੀਆਂ ਦੀ ਭੂਮਿਕਾ



ਕੰਵਲਜੀਤ ਕੌਰ ਗਿੱਲ
98551-22857

ਮਰਦ ਔਰਤ ਵਿਚਾਲੇ ਨਾਬਰਾਬਰੀ ਜਾਂ ਅਸਮਾਨਤਾ ਸਦੀਆਂ ਪੁਰਾਣਾ ਸਮਾਜਿਕ ਵਰਤਾਰਾ ਹੈ। ਕਦੇ ਵੀ ਔਰਤ ਨੂੰ ਮਰਦ ਦੇ ਬਰਾਬਰ ਦਾ ਦਰਜਾ ਨਹੀਂ ਦਿੱਤਾ ਗਿਆ। ਆਰਥਕ, ਸਮਾਜਿਕ ਤੇ ਰਾਜਨੀਤਕ, ਹਰੇਕ ਪਹਿਲੂ 'ਤੇ ਉਸ ਨਾਲ ਪੱਖਪਾਤ ਹੁੰਦਾ ਆ ਰਿਹਾ ਹੈ। ਇਸ ਨਾਬਰਾਬਰੀ ਨੂੰ ਖਤਮ ਕਰਨ ਵਾਸਤੇ 20ਵੀਂ ਸਦੀ ਦੇ ਸ਼ੁਰੂ ਵਿੱਚ ਹੀ ਪੱਛਮੀ ਦੇਸ਼ਾਂ ਦੀਆਂ ਔਰਤਾਂ ਨੇ ਲਾਮਬੰਦ ਹੋ ਕੇ ਆਵਾਜ਼ ਉਠਾਉਣੀ ਸ਼ੁਰੂ ਕਰ ਦਿੱਤੀ ਸੀ। ਛੋਟੇ-ਛੋਟੇ ਮੁਜ਼ਾਹਰਿਆਂ ਦਾ ਘੇਰਾ ਹੌਲੀ-ਹੌਲੀ ਵਿਸ਼ਾਲ ਹੋਇਆ ਅਤੇ ਇਸ ਨੇ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਕਾਨਫਰੰਸਾਂ ਦਾ ਰੂਪ ਧਾਰ ਲਿਆ। ਇਹ ਉਹ ਸਮਾਂ ਸੀ ਜਦੋਂ ਇਕ ਪਾਸੇ ਸਮਾਜ ਸੁਧਾਰਕ ਅਤੇ ਬੁੱਧੀਜੀਵੀ ਵਰਗ ਦੇ ਲੋਕ ਸਮਾਜ ਵਿੱਚ ਪ੍ਰਚਲਿਤ ਔਰਤ ਵਿਰੋਧੀ ਰੀਤੀ-ਰਿਵਾਜਾਂ ਅਤੇ ਰਸਮਾਂ ਵਿਰੁੱਧ ਆਵਾਜ਼ ਉਠਾ ਰਹੇ ਸਨ, ਦੂਜੇ ਪਾਸੇ ਜਮਹੂਰੀ ਜਥੇਬੰਦੀਆਂ ਅਤੇ ਨਾਰੀਵਾਦੀ ਸੰਗਠਨ (faminist organisations) ਸਮਾਜ ਵਿੱਚ ਪ੍ਰਚਲਿਤ ਨਾਬਰਾਬਰੀ ਖ਼ਿਲਾਫ਼ ਸਰਗਰਮ ਸਨ। 1995 ਵਿੱਚ ਚੀਨ ਦੇ ਸ਼ਹਿਰ ਪੇਈਚਿੰਗ ਵਿੱਚ ਹੋਈ ਅੰਤਰਰਾਸ਼ਟਰੀ ਕਾਨਫਰੰਸ ਵਿਚ ਔਰਤਾਂ ਨਾਲ ਸਬੰਧਤਿ 12 ਮੁੱਖ ਨੁਕਤਿਆਂ ਉਪਰ ਵਿਚਾਰ ਚਰਚਾ ਕੀਤੀ ਗਈ। ਇਸ ਕਾਨਫਰੰਸ ਦੀ ਖਾਸੀਅਤ ਇਹ ਰਹੀ ਕਿ ਇੱਕ ਤਾਂ ਇਸ ਵਿੱਚ ਔਰਤਾਂ ਪ੍ਰਤੀ ਹੋ ਰਹੇ ਹਰ ਪ੍ਰਕਾਰ ਦੇ ਪੱਖਪਾਤ ਨੂੰ ਖਤਮ ਕਰਨ ਦਾ ਪ੍ਰਣ ਲਿਆ ਗਿਆ (Convention on the Elimination of Discrimination Against Women-CEDAW ) ਅਤੇ ਦੂਜਾ, ਮੌਜੂਦਾ ਸਥਤੀ ਵਿੱਚ ਆਈਆਂ ਤਬਦੀਲੀਆਂ ਦੀ ਪੜਚੋਲ ਕਰਨ ਵਾਸਤੇ ਹਰ ਪੰਜ ਸਾਲਾਂ ਬਾਅਦ ਮੁੜ ਸੰਮੇਲਨ ਕਰਨ ਦਾ ਪ੍ਰਸਤਾਵ ਰੱਖਿਆ ਗਿਆ। ਸੰਨ 2000 ਵਿੱਚ ਯੂਐਨ ਜਨਰਲ ਅਸੈਂਬਲੀ ਨੇ 21ਵੀਂ ਸਦੀ ਦੀ ਔਰਤ ਲਈ ਬਰਾਬਰੀ, ਵਿਕਾਸ ਅਤੇ ਸ਼ਾਂਤੀ ਦੇ ਵਿਸ਼ੇ ਉਪਰ ਵਿਚਾਰ ਕਰਨ ਦਾ ਸੱਦਾ ਦਿੱਤਾ। ਇਸੇ ਸੰਦਰਭ ਵਿੱਚ ਵੱਖ ਵੱਖ ਥਾਈਂ ਹੋਈਆਂ ਕਾਨਫ਼ਰੰਸਾਂ/ਮੀਟਿੰਗਾਂ ਵਿੱਚ ਪਿਛਲੇ 25 ਸਾਲਾਂ ਦੇ ਮੁਕਾਬਲੇ ਮੌਜੂਦਾ ਲਿੰਗਕ ਅਸਮਾਨਤਾ ਦੀ ਸਥਤੀ ਅਤੇ ਸੰਭਾਵਨਾਵਾਂ ਬਾਰੇ ਚਰਚਾ ਕੀਤੀ ਗਈ। ਦੂਜੇ ਪਾਸੇ ਕਈ ਸਮਾਜ ਸੁਧਾਰਕ, ਬੁੱਧੀਜੀਵੀ ਅਤੇ ਜਮਹੂਰੀਅਤ ਪਸੰਦ ਜਥੇਬੰਦੀਆਂ ਵੀ ਇਸ ਨਾਬਰਾਬਰੀ ਨੂੰ ਖ਼ਤਮ ਕਰਨ ਲਈ ਯਤਨਸ਼ੀਲ ਸਨ। ਇਨ੍ਹਾਂ ਸਾਂਝੇ ਯਤਨਾਂ ਸਦਕਾ ਔਰਤਾਂ ਦੀ ਇਸ ਚਿੰਤਾਜਨਕ ਸਥਤੀ ਵਿੱਚ ਮੋੜ ਆਇਆ ਜਾਂ ਕਹਿ ਲਓ ਕਿ ਸੁਧਾਰ ਹੋਣਾ ਸ਼ੁਰੂ ਹੋ ਗਿਆ ਹੈ। ਪਰ ਸੁਆਲ ਇਹ ਹੈ ਕਿ ਇਸ ਮੋੜ ਜਾਂ ਸੁਧਾਰ ਦੀ ਦਿਸ਼ਾ ਕੀ ਹੈ ? ਸਮਾਨਤਾ ਵੱਲ ਸਫ਼ਰ ਦੌਰਾਨ ਤੱਕੜੀ ਦੇ ਦੋਵੇਂ ਪਲੜੇ ਬਰਾਬਰ ਕਰਦੇ ਕਰਦੇ ਕੀ ਅਸੀਂ ਮੁੜ ਅਸੰਤੁਲਨ ਦੀ ਅਵਸਥਾ ਵਿੱਚ ਤਾਂ ਨਹੀਂ ਜਾ ਰਹੇ ? ਨਾਰੀਵਾਦ (faminism) ਨੂੰ ਸਹੀ ਅਰਥਾਂ ਵਿੱਚ ਸਮਝਣ ਵਿੱਚ ਕਿਹੜੇ ਪੜਾਅ ਤੇ ਗਲਤੀਆਂ ਹੋਈਆਂ ਹਨ ? ਕਿਉਂਕਿ ਨਾਰੀਵਾਦੀ (faminist) ਸੋਚ ਉਪਰ ਆਲੋਚਨਾਤਮਕ ਪ੍ਰਸ਼ਨ ਚਿੰਨ੍ਹ ਲੱਗ ਰਹੇ ਹਨ ਕਿ ਇਹ ਮਰਦਾਂ ਦੇ ਖਿਲਾਫ ਭੁਗਤਦੀ ਹੈ, ਇਸ ਨਾਲ ਘਰ-ਪਰਿਵਾਰ ਟੁੱਟਦੇ ਹਨ। ਰਿਸ਼ਤਿਆਂ ਵਿੱਚ ਸੁਹਿਰਦਤਾ ਖਤਮ ਹੋ ਰਹੀ ਹੈ ਆਦਿ। ਇਸ ਸਾਰੇ ਕੁੱਝ ਦਾ ਕਾਰਨ ਭਾਵੇਂ ਕੋਈ ਵੀ ਹੋਵੇ, ਜੇ ਸਮਾਜ ਵਿੱਚ ਇਹ ਵਰਤਾਰਾ ਚਲ ਰਿਹਾ ਹੈ ਤਾਂ ਇਸ ਬਾਰੇ ਸਬੰਧਤਿ ਨਾਰੀ ਸੰਗਠਨਾਂ ਅਤੇ ਹੋਰ ਜਾਗਰੂਕ ਜਥੇਬੰਦੀਆਂ ਨੂੰ ਮਿਲ ਬੈਠ ਕੇ ਆਪਣੀ ਕਾਰਜ ਪ੍ਰਣਾਲੀ ਬਾਰੇ ਸਵੈ-ਪੜਚੋਲ ਕਰਨੀ ਚਾਹੀਦੀ ਹੈ।

ਅਜ ਔਰਤ ਹਰ ਉਸ ਮੁਕਾਮ 'ਤੇ ਪਹੁੰਚ ਗਈ ਹੈ ਜਿਹੜੇ ਕਿਸੇ ਸਮੇਂ ਉਸ ਦੀ ਪਹੁੰਚ ਤੋਂ ਬਾਹਰ ਸਨ ਜਾਂ ਵਰਜਤਿ ਸਨ। ਸਿੱਖਿਆ ਦੇ ਖੇਤਰ ਵਿੱਚ ਉਸ ਦੀ ਕਾਰਗੁਜ਼ਾਰੀ ਮੁੰਡਿਆਂ ਨਾਲੋਂ ਬਿਹਤਰ ਹੈ। ਰਾਜਨੀਤਕ ਖੇਤਰ ਵਿੱਚ ਵੀ ਦੇਸ਼ ਦੇ ਕੁਝ ਉਪਰਲੇ ਅਹੁਦਿਆਂ 'ਤੇ ਔਰਤ ਬਿਰਾਜਮਾਨ ਹੈ। ਰੁਜ਼ਗਾਰ ਵਿਚ ਭਾਵੇਂ ਉਸ ਦੀ ਮੌਜੂਦਗੀ 29-30 ਪ੍ਰਤੀਸ਼ਤ ਹੀ ਹੈ ਪਰ ਉਹ ਆਰਥਕ ਤੌਰ 'ਤੇ ਮਜ਼ਬੂਤੀ ਵੱਲ ਕਦਮ ਵਧਾ ਰਹੀ ਹੈ। ਸਿੱਖਿਅਤ ਹੋ ਜਾਣ ਕਾਰਨ ਕਈ ਮਾਮਲਿਆਂ ਵਿੱਚ ਆਪਣੇ ਫ਼ੈਸਲੇ ਆਪ ਲੈਣ ਯੋਗ ਹੋ ਰਹੀ ਹੈ। ਅਰਥਾਤ ਜਿਹੜਾ ਸਿਖਿਆ, ਸਿਹਤ, ਰੁਜ਼ਗਾਰ, ਜ਼ਮੀਨ-ਜਾਇਦਾਦ ਦੀ ਮਾਲਕੀ ਦਾ ਹੱਕ ਜਾਂ ਰਾਜਨੀਤਕ ਨਾਮਜ਼ਦਗੀ ਆਦਿ ਦੇ ਖੇਤਰਾਂ ਵਿੱਚ ਪਾੜਾ ਜਾਂ ਗੈਪ ਸੀ ਉਹ ਹੁਣ ਕੁਝ ਘਟਦਾ ਨਜ਼ਰ ਆ ਰਿਹਾ ਹੈ। ਇਹੀ ਕਾਰਨ ਹੈ ਕਿ ਉਹ ਆਪਣੇ ਨਾਲ ਹੋ ਰਹੀਆਂ ਵਧੀਕੀਆਂ, ਜੁਰਮਾਂ ਅਤੇ ਹਿੰਸਾ ਵਿਰੁੱਧ ਆਵਾਜ਼ ਉਠਾਉਣ ਦੇ ਕਾਬਲ ਹੋ ਰਹੀ ਹੈ।

ਲਿੰਗਕ ਅਸਮਾਨਤਾ ਜਾਂ ਨਾਬਰਾਬਰੀ ਵਿੱਚ ਘਟ ਰਿਹ ਪਾੜਾ ਸਮਾਜਿਕ ਵਿਕਾਸ ਦੀ ਹਾਂ-ਪੱਖੀ ਤਸਵੀਰ ਪੇਸ਼ ਕਰਦਾ ਹੈ। ਪਰ ਇਸੇ ਸਮਾਜ ਵਿਚ ਵਿਚਰਦੇ ਹੋਏ ਅੱਜ ਜੋ ਦੂਸਰਾ ਪੱਖ ਨਜ਼ਰ ਆਉਣ ਲੱਗਿਆ ਹੈ ਉਹ ਹੈ-ਅਧਿਕਾਰਾਂ ਅਤੇ ਸੁਰੱਖਿਆ ਸਬੰਧੀ ਉਪਲਬਧ ਸਹੂਲਤਾਂ ਅਤੇ ਨਿਆਂ ਪ੍ਰਣਾਲੀ ਦੀ ਕੁਝ ਕੁ ਔਰਤਾਂ ਵਲੋਂ ਦੁਰਵਰਤੋਂ। ਔਰਤ ਦੀ ਸੁਰੱਖਿਆ ਵਾਸਤੇ ਦਾਜ ਵਿਰੁੱਧ ਕਾਨੂੰਨ, ਘਰੇਲੂ ਹਿੰਸਾ, ਜੁਰਮ ਅਤੇ ਜਿਨਸੀ ਸ਼ੋਸ਼ਣ ਵਿਰੁਧ ਕਾਨੂੰਨ ਹਨ। ਇਸ ਤੋਂ ਇਲਾਵਾ ਔਰਤਾਂ ਨੂੰ ਜਣੇਪਾ ਛੁੱਟੀ ਦੀ ਸੁਵਿਧਾ ਵੀ ਹੈ। ਪਰ ਪਿਛਲੇ ਕੁਝ ਸਮੇਂ ਤੋਂ ਸਮਾਜਿਕ ਵਰਤਾਰੇ ਵਿੱਚ ਕੁਝ ਅਜਿਹੀਆਂ ਤਬਦੀਲੀਆਂ ਸਾਹਮਣੇ ਆ ਰਹੀਆਂ ਹਨ ਜਿਥੇ ਔਰਤਾਂ ਦੁਆਰਾ ਮਰਦਾਂ ਨੂੰ ਤੰਗ ਪ੍ਰੇਸ਼ਾਨ ਕਰਨ ਦੇ ਕੇਸ ਦਰਜ ਹੋਏ ਹਨ। ਇਹ ਵਰਤਾਰਾ ਨੌਜਵਾਨ ਪੀੜ੍ਹੀ ਵਿਚ ਵਧੇਰੇ ਹੈ। ਜ਼ਿੰਦਗੀ ਵਿੱਚੋਂ ਸਹਜਿ ਘਟਦਾ ਜਾ ਰਿਹਾ ਹੈ। 'ਰਾਤੋ ਰਾਤ ਸਭ ਕੁਝ ਮਿਲ ਜਾਵੇ ' ਦੀ ਅੰਨ੍ਹੀ ਹੋੜ ਵਿੱਚ ਨੌਜਵਾਨ ਜੋੜੇ ਆਪਣੇ ਹੱਕ ਅਤੇ ਫ਼ਰਜ਼ਾਂ ਵਿਚ ਅੰਤਰ ਕਰਨਾ ਭੁੱਲ ਜਾਂਦੇ ਹਨ। ਕਈ ਵਾਰ ਜ਼ਮੀਨ ਜਾਇਦਾਦ ਪ੍ਰਾਪਤ ਕਰਨ ਦੇ ਲਾਲਚ ਵਿੱਚ ਕੁੜੀਆਂ ਵੱਲੋਂ ਮੁੰਡਿਆਂ ਦੇ ਪਰਿਵਾਰ ਉੱਪਰ ਦਾਜ ਦਹੇਜ ਦੀ ਮੰਗ ਕਰਨ ਦਾ ਦੋਸ਼ ਲਗਾਉਣਾ, ਘਰੇਲੂ ਹਿੰਸਾ ਦਾ ਬਹਾਨਾ ਲਗਾਉਣਾ ਆਦਿ ਦੀਆਂ ਸ਼ਕਾਇਤਾਂ ਵਧ ਰਹੀਆਂ ਹਨ। ਇਸ ਤੋਂ ਇਲਾਵਾ ਕਈ ਹੋਰ ਦੋਸ਼ ਵੀ ਲਗਾਏ ਜਾਂਦੇ ਹਨ, ਜਿਵੇਂ ਧਾਰਮਿਕ ਸਥਾਨਾਂ 'ਤੇ ਜਾਣ ਦੀ ਮਨਾਹੀ, ਨਿੱਜੀ ਖਰਚਿਆਂ ਉੱਪਰ ਰੋਕ ਟੋਕ ਕਰਨੀ, ਸਕੇ ਸਬੰਧੀਆਂ ਜਾਂ ਸਹੇਲੀਆਂ ਨੂੰ ਮਿਲਣ ਦੀ ਮਨਾਹੀ ਆਦਿ। ਇਹ ਦੋਸ਼ ਇਸ ਪ੍ਰਕਾਰ ਦੇ ਹਨ ਜਿਸ ਵਾਸਤੇ ਆਪਣੇ ਆਪ ਨੂੰ ਨਿਰਦੋਸ਼ ਸਾਬਤ ਕਰਨ ਲਈ ਕਿਸੇ ਗਵਾਹ ਜਾਂ ਸਬੂਤ ਦੀ ਜ਼ਰੂਰਤ ਨਹੀਂ। ਪੀੜਤ ਵੱਲੋਂ ਸ਼ਿਕਾਇਤ ਕਰਨ 'ਤੇ ਦੋਸ਼ੀ ਵਿਰੁੱਧ ਤੁਰੰਤ ਕਾਨੂੰਨੀ ਕਾਰਵਾਈ ਪਾ ਦਤੀ ਜਾਂਦੀ ਹੈ। ਨਤੀਜੇ ਵਜੋਂ ਘਰ ਵਿਚ ਕਲੇਸ਼, ਲੜਾਈ-ਝਗੜੇ, ਘਰ ਪਰਿਵਾਰ ਟੁੱਟਣਾ, ਤਲਾਕ, ਬਜ਼ੁਰਗਾਂ, ਖਾਸਕਰ ਲੜਕੇ ਦੇ ਮਾਪਿਆਂ ਦੀ ਖੱਜਲ-ਖੁਆਰੀ ਜਿਨ੍ਹਾਂ ਨੂੰ ਕਈ ਕੇਸਾਂ ਵਿੱਚ ਕੈਦ ਵੀ ਭੁਗਤਣੀ ਪੈਂਦੀ ਹੈ। ਇਸ ਸਾਰੇ ਵਰਤਾਰੇ ਦਾ ਖਮਿਆਜ਼ਾ ਪਰਿਵਾਰ ਦੇ ਬਜ਼ੁਰਗਾਂ ਅਤੇ ਖ਼ਾਸਕਰ ਬੱਚਿਆਂ ਨੂੰ ਭੁਗਤਣਾ ਪੈਂਦਾ ਹੈ।

ਸਮਾਜ ਵਿੱਚ ਮਰਦ ਔਰਤ ਬਰਾਬਰੀ ਦਾ ਅਰਥ ਜੀਵਨ ਨਾਲ ਸਬੰਧਤ ਹਰ ਪ੍ਰਕਾਰ ਦੀਆਂ ਪ੍ਰਾਪਤੀਆਂ ਦੀ ਬਰਾਬਰ ਵੰਡ ਤੋਂ ਹੁੰਦਾ ਹੈ। ਜਿਵੇਂ ਸੰਵਿਧਾਨਕ ਤੌਰ 'ਤੇ ਸਾਰੇ ਨਾਗਰਿਕ ਬਿਨਾਂ ਕਿਸੇ ਰੰਗ, ਨਸਲ, ਜਾਤ, ਭੇਦ-ਭਾਵ, ਲਿੰਗ ਆਦਿ ਦੇ ਬਰਾਬਰ ਹਨ, ਇਵੇਂ ਸਮਾਜ ਵਿੱਚ ਮਰਦ ਤੇ ਔਰਤ ਦਾ ਦਰਜਾ ਬਰਾਬਰ ਹੈ। ਗ੍ਰਹਿਸਥੀ ਜੀਵਨ ਦੀ ਗੱਡੀ ਵੀ ਦੋ ਬਰਾਬਰ ਦੇ ਪਹੀਆਂ ਨਾਲ ਹੀ ਠੀਕ ਚਲਦੀ ਹੈ। ਇਸ ਵਾਸਤੇ ਜ਼ਰੂਰੀ ਹੈ ਕਿ ਜੇਕਰ ਦੋਵੇਂ ਜੀਅ ਰੁਜ਼ਗਾਰ ਵਿੱਚ ਹਨ ਤਾਂ ਘਰ ਅਤੇ ਬਾਹਰ ਦੇ ਕੰਮ ਕਾਰ ਆਪਸੀ ਸਹਿਯੋਗ ਨਾਲ ਵੰਡ ਕੇ ਕਰ ਸਕਦੇ ਹਨ। ਉਹ ਆਪਣੀ ਕਮਾਈ ਵੀ ਮਿਲ ਜੁਲ ਕੇ ਸਾਂਝੇ ਤੌਰ ਤੇ ਖਰਚ ਕਰਨ। ਪਰ ਹੁਣ ਸਥਤੀ 'ਮਿਲ ਜੁਲ ਕੇ' ਤੋਂ ਹੱਟ ਕੇ 'ਮੇਰੀ ਅਤੇ ਤੇਰੀ' ਉਤੇ ਆਣ ਪਹੁੰਚੀ ਹੈ। ਪੱਛਮੀ ਦੇਸ਼ਾਂ ਵਿੱਚ ਤਾਂ ਕਈ ਲੜਕੀਆਂ ਪੁਲੀਸ ਬੁਲਾ ਲੈਣ ਦੀ ਧਮਕੀ ਦੇ ਕੇ ਜ਼ਿਆਦਤੀਆਂ ਵੀ ਕਰਦੀਆਂ ਹਨ।

ਸੋ ਆਜ਼ਾਦੀ ਜਾਂ ਬਰਾਬਰੀ ਦਾ ਇਹ ਅਰਥ ਨਹੀਂ ਕਿ ਔਰਤ ਨੇ ਮਰਦ ਨਾਲ ਨਾਕਾਰਾਤਮਕ ਮੁਕਾਬਲੇ ਦੀ ਦੌੜ ਵਿਚ ਪੈਣਾ ਹੈ। ਸਮਾਜਿਕ ਵਾਤਾਵਰਨ ਅਜੇ ਇੰਨਾ ਵੀ ਸੁਖਾਵਾਂ ਨਹੀਂ ਹੋਇਆ ਕਿ ਲੜਕੀ ਹਨੇਰੇ ਸਵੇਰੇ ਬਾਹਰ ਦੇਰ ਰਾਤ ਤੱਕ ਕੰਮ ਕਰਦੀ ਰਹੇ। ਮਰਦਾਂ ਵਾਂਗ ਸ਼ਰਾਬ ਆਦਿ ਦਾ ਖੁਲ੍ਹੇਆਮ ਸੇਵਨ ਕਰਨਾ ਬਰਾਬਰੀ ਨਹੀਂ। ਘਰ ਦੇ ਕੰਮ, ਬੱਚਿਆਂ ਦੀ ਸਾਂਭ ਸੰਭਾਲ, ਪੜ੍ਹਾਈ ਲਿਖਾਈ ਆਦਿ ਨੂੰ ਆਪਸੀ ਸਹਿਯੋਗ ਨਾਲ ਵੰਡ ਕੇ ਕਰਨਾ ਹੀ ਬਰਾਬਰੀ ਹੈ। ਇਸ ਸਭ ਕੁਝ ਵਾਸਤੇ ਦੋਵਾਂ ਲਈ ਸੁਹਿਰਦਤਾ, ਸਿਆਣਪ ਅਤੇ ਪਰਪਕਤਾ ਵਾਲੀ ਸੋਚ ਦਾ ਹੋਣਾ ਜ਼ਰੂਰੀ ਹੈ। ਇਸ ਕਾਰਜ ਵਾਸਤੇ ਜਾਗਰੂਕ ਜਥੇਬੰਦੀਆਂ ਦੀ ਜ਼ਿੰਮੇਵਾਰੀ ਵਧੇਰੇ ਬਣਦੀ ਹੈ ਕਿ ਉਹ ਮਰਦ ਔਰਤਾਂ ਦੀਆਂ ਇਕੱਠੀਆਂ ਮੀਟਿੰਗਾਂ, ਸਭਾਵਾਂ ਆਦਿ ਕਰਨ। ਸਾਂਝੇ ਮਸਲਿਆਂ ਬਾਰੇ ਵਿਚਾਰ ਚਰਚਾ ਕੀਤੀ ਜਾਵੇ। ਇਕ ਦੂਜੇ ਦੇ ਫ਼ਰਜ਼ਾਂ ਅਤੇ ਅਧਿਕਾਰਾਂ ਦੀ ਜਾਣ ਪਛਾਣ ਕਰਵਾਈ ਜਾਵੇ, ਕਿਉਂਕਿ ਬਿਨਾਂ ਫਰਜ਼ ਪਛਾਣੇ ਕੇਵਲ ਅਧਿਕਾਰਾਂ ਬਾਰੇ ਗੱਲ ਕਰਨੀ ਜਮਹੂਰੀ ਕਦਰਾਂ ਕੀਮਤਾਂ ਦੇ ਖਿਲਾਫ ਹੈ। ਇਸ ਨਾਲ ਅਰਾਜਕਤਾ ਵਧਦੀ ਹੈ। ਨਾਰੀ ਸੰਗਠਨਾਂ ਤੇ ਜਥੇਬੰਦੀਆਂ ਨੂੰ ਇਸ ਪਹਿਲੂ ਉਪਰ ਵਿਸ਼ੇਸ਼ ਧਿਆਨ ਦੇਣ ਦੀ ਜ਼ਰੂਰਤ ਹੈ। ਕਿਸਾਨ ਅੰਦੋਲਨ ਦੀ ਸਫਲਤਾ ਦਾ ਰਾਜ਼ ਇਹੀ ਰਿਹਾ ਹੈ ਕਿ ਉਸ ਵਿਚ ਮਰਦ-ਔਰਤਾਂ ਦੀ ਸਾਂਝੀ ਸ਼ਮੂਲੀਅਤ ਸੀ। ਉਨ੍ਹਾਂ ਆਪਣੇ ਹੱਕਾਂ ਤੇ ਅਧਿਕਾਰਾਂ ਪ੍ਰਤੀ ਸੁਚੇਤ ਹੁੰਦੇ ਹੀ ਇਤਨਾ ਵਿਸ਼ਾਲ ਕਾਰਜ ਸੰਪੰਨ ਕੀਤਾ। ਇਕ ਦੂਜੇ ਦੇ ਸਵੈ ਦਾ ਆਦਰ ਮਾਣ ਕਰਨਾ ਹੀ ਬਰਾਬਰੀ ਹੈ। ਇਹ ਪ੍ਰਕਿਰਿਆ ਘਰ ਤੋਂ ਹੀ ਸ਼ੁਰੂ ਕਰਨੀ ਹੋਵੇਗੀ। ਘਰ ਵਿੱਚ ਮਰਦਾਂ, ਮੁੰਡਿਆਂ ਨੂੰ ਹਰੇਕ ਔਰਤ, ਲੜਕੀ ਦੀ ਇੱਜ਼ਤ ਕਰਨੀ ਸਿਖਾਓ ਤੇ ਲੜਕੀਆਂ ਨੂੰ ਵੀ ਸਮਝਾਓ ਕਿ ਉਸਦੇ ਪੇਕੇ ਅਤੇ ਸਹੁਰੇ ਪਰਿਵਾਰ ਪ੍ਰਤੀ ਕੀ ਫਰਜ਼ ਹਨ। ਜਵਾਨੀ ਤੋਂ ਬੁਢਾਪੇ ਤੱਕ ਇਹੀ ਪਰਿਵਾਰ ਆਪਣਾ ਹੈ। ਪਰਿਵਾਰਾਂ ਦੇ ਮਸਲੇ ਮੇਰੇ ਤੇਰੇ ਨਹੀਂ, ਸਾਡੇ ਅਤੇ ਸਾਂਝੇ ਹੁੰਦੇ ਹਨ। ਇਕ ਧਿਰ ਨੂੰ ਦੋਸ਼ੀ ਤੇ ਦੂਜੀ ਨੂੰ ਹਮੇਸ਼ਾ ਪੀੜਤ ਕਹਿਣਾ ਸਮੱਸਿਆ ਦਾ ਹੱਲ ਨਹੀਂ। ਟੁੱਟ ਰਹੇ ਪਰਿਵਾਰਾਂ ਨੂੰ ਜੋੜਨ ਵਾਸਤੇ ਸਲਾਹ ਮਸ਼ਵਰਾ/ਕਾਉਂਸਲਿੰਗ ਦੀ ਵੀ ਅਹਿਮੀਅਤ ਹੈ। ਸਖ਼ਤ ਘਾਲਣਾ ਘਾਲ ਕੇ ਅਤੇ ਅਣਥੱਕ ਮਿਹਨਤ ਨਾਲ ਪ੍ਰਾਪਤ ਕੀਤੇ ਅਧਿਕਾਰਾਂ ਅਤੇ ਕਾਨੂੰਨੀ ਵਿਵਸਥਾ ਦੀ ਦੁਰਵਰਤੋਂ ਕਰਨ ਤੋਂ ਸਾਨੂੰ ਸਭ ਨੂੰ ਗੁਰੇਜ਼ ਕਰਨਾ ਚਾਹੀਦਾ ਹੈ। ਨਾਬਰਾਬਰੀ ਲਈ ਕੇਵਲ ਮਰਦ ਨੂੰ ਦੋਸ਼ੀ ਕਰਾਰ ਦੇਣਾ ਵੀ ਸਹੀ ਨਹੀਂ। ਸਦੀਆਂ ਤੋਂ ਚਲਦੇ ਸਮਾਜਿਕ ਸਭਿਆਚਾਰ, ਨਾਕਾਰਾਤਮਕ ਕਦਰਾਂ ਕੀਮਤਾਂ ਨੂੰ ਬਦਲਣ ਵਿਚ ਸਮਾਂ ਲਗਦਾ ਹੈ। ਆਪਸੀ ਸਮਝ ਵਿਚਕਾਰ ਜੋ ਫਾਸਲਾ ਜਾਂ ਪਾੜਾ ਹੈ ਉਸ ਨੂੰ ਦੂਸ਼ਣਬਾਜ਼ੀ ਨਾਲੋਂ ਗਲਬਾਤ ਨਾਲ ਪੂਰਨਾ ਚਾਹੀਦਾ ਹੈ। ਨਾਰੀਵਾਦ ਸੋਚ ਨੂੰ ਇਕਪਾਸੜ ਹੋਣ ਤੋਂ ਬਚਾਉਣਾ ਪਵੇਗਾ। ਜਮਹੂਰੀਅਤ ਪਸੰਦ ਜਥੇਬੰਦੀਆਂ ਅਤੇ ਨਾਰੀ ਅੰਦੋਲਨ ਵਿਚ ਹਾਂਦਰੂ ਤਾਲਮੇਲ ਨਾਲ ਹੀ ਗਲਤ ਪਾਸੇ ਜਾਂਦੀ ਲਹਿਰ ਨੂੰ ਸੇਧ ਦਿੱਤੀ ਜਾ ਸਕਦੀ ਹੈ, ਜਿਸ ਵਿੱਚ ਮਰਦ ਅਤੇ ਔਰਤਾਂ ਦੀ ਸਾਂਝੀ ਸ਼ਮੂਲੀਅਤ ਅਤਿ ਜ਼ਰੂਰੀ ਹੈ।

ਓਸ਼ਨ ਵਿਊ ਫਿਸ਼ ਕੈਨਰੀ
OCEAN VIEW FISH CANNERY
ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।
- ਰਾਈਡ ਦਾ ਪੂਰਾ ਪੂਰਾ ਪ੍ਰਬੰਧ ਹੈ।
- ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਤੇ ਹੁਣੇ ਲੱਗਣ ਲਈ ਫੋਨ ਕਰੋ।
ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।
ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।

604-594-0616

# ਭਾਰਤੀ ਵਿਦਿਆਰਥੀ ’ਤੇ ਦਾਦਾ-ਦਾਦੀ ਤੇ ਚਾਚੇ ਨੂੰ ਗੋਲੀ ਮਾਰਨ ਦੇ ਦੋਸ਼

ਨਿਊਯਾਰਕ-ਭਾਰਤੀ ਮੂਲ ਦੇ 23 ਸਾਲਾ ਵਿਦਿਆਰਥੀ ਨੂੰ ਨਿਊਜਰਸੀ ਦੇ ਇਕ ਅਪਾਰਟਮੈਂਟ ਵਿਚ ਆਪਣੇ ਦਾਦਾ-ਦਾਦੀ ਤੇ ਚਾਚੇ ਦੀ ਕਥਿਤ ਹੱਤਿਆ ਕਰਨ ਦੇ ਦੋਸ਼ ਹੇਠ ਗ੍ਰਿਫਤਾਰ ਕੀਤਾ ਗਿਆ ਹੈ। ਪੁਲੀਸ ਨੇ ਇਕ ਬਿਆਨ ਵਿਚ ਕਿਹਾ ਕਿ ਓਮ ਬ੍ਰਹਮਭੱਟ ਉਤੇ ਦਿਲੀਪ ਕੁਮਾਰ ਬ੍ਰਹਮਭੱਟ (72), ਬਿੰਦੂ ਬ੍ਰਹਮਭੱਟ (72) ਤੇ ਯਸ਼ਕੁਮਾਰ ਬ੍ਰਹਮਭੱਟ (38) ਨੂੰ ਗੋਲੀ ਮਾਰਨ ਦਾ ਦੋਸ਼ ਹੈ। ਉਨ੍ਹਾਂ ਕਿਹਾ ਕਿ ਸੋਮਵਾਰ ਨੂੰ ਇਕ ਗੁਆਂਢੀ ਨੇ ਗੋਲੀ ਚੱਲਣ ਦੀ ਆਵਾਜ਼ ਸੁਣੀ ਜਿਸ ਤੋਂ ਬਾਅਦ ਅਧਿਕਾਰੀ ਸਵੇਰੇ ਕਰੀਬ ਨੌਂ ਵਜੇ ਮੌਕੇ ‘ਤੇ ਪਹੁੰਚੇ। ਪੁਲੀਸ ਅਧਿਕਾਰੀਆਂ ਨੇ ਉੱਥੇ ਦੋ ਪੁਰਸ਼ਾਂ ਤੇ ਇਕ ਔਰਤ ਨੂੰ ਦੇਖਿਆ ਜਿਨ੍ਹਾਂ ਦੇ ਗੋਲੀ ਲੱਗੀ ਹੋਈ ਸੀ। ਦਿਲੀਪਕੁਮਾਰ ਤੇ ਬਿੰਦੂ ਦੂਜੀ ਮੰਜ਼ਿਲ ‘ਤੇ ਮ੍ਰਿਤਕ ਮਿਲੇ। ਜਦਕਿ ਉਨ੍ਹਾਂ ਦੇ ਬੇਟਾ ਯਸ਼ਕੁਮਾਰ ਜ਼ਖ਼ਮੀ ਹਾਲਤ ਵਿਚ ਮਿਲਿਆ ਜਿਸ ਨੂੰ ਹਸਪਤਾਲ ਲਿਜਾਇਆ ਗਿਆ। ਉੱਥੇ ਉਸ ਦੀ ਮੌਤ ਹੋ ਗਈ। ਮੁਲਜ਼ਮ ਭਾਰਤੀ ਵਿਦਿਆਰਥੀ ਨੂੰ ਮੌਕੇ ਤੋਂ ਪੁੱਛਗਿੱਛ ਲਈ ਹਿਰਾਸਤ ਵਿਚ ਲਿਆ ਗਿਆ। ਉਸ ‘ਤੇ ਹੱਤਿਆ ਤੇ ਹਥਿਆਰ ਰੱਖਣ ਸਬੰਧੀ ਦੋਸ਼ ਲਾਏ ਗਏ ਹਨ। ਐੱਨਬੀਸੀ ਨਿਊਯਾਰਕ ਦੀ ਖ਼ਬਰ ਮੁਤਾਬਕ ਗੁਜਰਾਤ ਨਾਲ ਸਬੰਧਤ ਓਮ ਕੁਝ ਮਹੀਨੇ ਪਹਿਲਾਂ ਹੀ ਨਿਊਜਰਸੀ ਆਇਆ ਸੀ। ਉਹ ਇਨ੍ਹਾਂ ਪਰਿਵਾਰਕ ਮੈਂਬਰਾਂ ਨਾਲ ਹੀ ਅਪਾਰਟਮੈਂਟ ਵਿਚ ਰਿਹਾ ਰਿਹਾ ਸੀ ਤੇ ਜਦ ਪੁਲੀਸ ਪਹੁੰਚੀ ਤਾਂ ਉਹ ਮੌਕੇ ਉਤੇ ਮੌਜੂਦ ਸੀ। ਸ਼ਿਕਾਇਤ ਮੁਤਾਬਕ ਅਪਰਾਧ ਹੈਂਡਗੰਨ ਨਾਲ ਕੀਤਾ ਗਿਆ ਹੈ। ਓਮ ਨੇ ਕਿਹਾ ਕਿ ਇਹ ਹੈਂਡਗੰਨ ਉਸ ਨੇ ਆਨਲਾਈਨ ਖ਼ਰੀਦੀ ਸੀ। ਪੁਲੀਸ ਨੇ ਕਿਹਾ ਕਿ ਓਮ ਨੇ ਆਪ ਹੀ 911 ‘ਤੇ ਕਾਲ ਕੀਤੀ ਸੀ, ਤੇ ਜਦ ਉਸ ਨੂੰ ਪੁੱਛਿਆ ਗਿਆ ਕਿ ਇਹ ਕਿਸ ਨੇ ਕੀਤਾ ਹੈ ਤਾਂ ਉਸ ਨੇ ਕਿਹਾ, ‘ਇਹ ਮੇਰੇ ਵੱਲੋਂ ਕੀਤਾ ਹੋ ਸਕਦਾ ਹੈ।’

# ਪਿੰਡ ਗੰਧੜ ਦੇ ਮਨਦੀਪ ਦੀ ਅਮਰੀਕਾ ਵਿੱਚ ਮੌਤ

ਸ੍ਰੀ ਮੁਕਤਸਰ ਸਾਹਿਬ-ਇੱਥੋਂ ਨੇੜਲੇ ਪਿੰਡ ਗੰਧੜ ਦੇ ਨੌਜਵਾਨ ਮਨਦੀਪ ਸਿੰਘ ਮਨੀ (29) ਦੀ ਅਮਰੀਕਾ ‘ਚ ਇਕ ਸੜਕ ਹਾਦਸੇ ‘ਚ ਮੌਤ ਹੋ ਗਈ ਹੈ। ਜਾਣਕਾਰੀ ਅਨੁਸਾਰ ਕਿਸਾਨ ਆਗੂ ਪ੍ਰਗਟ ਸਿੰਘ ਦਾ ਪੁੱਤਰ ਮਨਦੀਪ ਸਿੰਘ ਕਰੀਬ ਛੇ ਸਾਲ ਪਹਿਲਾਂ ਚਿਲੀ ਗਿਆ ਸੀ, ਜਿੱਥੇ ਚਾਰ ਸਾਲ ਰਹਿਣ ਮਗਰੋਂ ਉਹ ਦੋ ਸਾਲ ਪਹਿਲਾਂ ਅਮਰੀਕਾ ਚਲਾ ਗਿਆ ਸੀ ਤੇ ਹੁਣ ਕੈਲੀਫੋਰਨੀਆ ਵਿੱਚ ਰਹਿ ਰਿਹਾ ਸੀ। ਪ੍ਰਗਟ ਸਿੰਘ ਨੇ ਦੱਸਿਆ ਕਿ 26 ਨਵੰਬਰ ਦੀ ਰਾਤ ਨੂੰ ਮਨਦੀਪ ਸਿੰਘ ਓਕਲਾਮਾ ਸ਼ਹਿਰ ਨੇੜੇ ਟਰੱਕ ਚਲਾ ਰਿਹਾ ਸੀ। ਇਸ ਦੌਰਾਨ ਵਾਪਰੇ ਸੜਕ ਹਾਦਸੇ ਵਿੱਚ ਉਸ ਦੀ ਮੌਤ ਹੋ ਗਈ। ਮਨਦੀਪ ਦੀ ਮਾਤਾ ਕੈਂਸਰ ਦੀ ਮਰੀਜ਼ ਹੈ, ਜਿਸ ਦਾ ਇਲਾਜ ਚੱਲ ਰਿਹਾ ਹੈ। ਪ੍ਰਗਟ ਸਿੰਘ ਤੇ ਉਸ ਦੇ ਵੱਡੇ ਭਰਾ ਮਾਸਟਰ ਗੁਰਚਰਨ ਸਿੰਘ ਨੇ ਭਾਰਤ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਮਨਦੀਪ ਦੀ ਦੇਹ ਨੂੰ ਵਤਨ ਵਾਪਸ ਲਿਆਉਣ ‘ਚ ਮਦਦ ਕੀਤੀ ਜਾਵੇ।

# ਅਮਰੀਕਾ ਵਿਚ ਐਮਰਜੈਂਸੀ ਦਰਵਾਜਾ ਖੋਲ੍ਹ ਕੇ ਇਕ ਮੁਸਾਫਿਰ ਜਹਾਜ਼ ਦੇ ਪਰਾਂ ’ਤੇ ਚੜ੍ਹਿਆ

## ਉਡਾਣ ਭਰਨ ਤੋਂ ਪਹਿਲਾਂ ਵਾਪਰੀ ਘਟਨਾ

ਕੈਲੀਫੋਰਨੀਆ-ਅਮਰੀਕਾ ਦੇ ਲੋਇਸਆਨਾ ਰਾਜ ਵਿਚ ਨਿਊ ਓਰਲੀਨਜ਼ ਲੋਇਸ ਆਰਮਸਟਰਾਂਗ ਇੰਟਰਨੈਸ਼ਨਲ ਏਅਰਪੋਰਟ ‘ਤੇ ਉਸ ਵੇਲੇ ਹਾਲਾਤ ਤਨਾਅ ਵਾਲੇ ਬਣ ਗਏ ਜਦੋਂ ਸਾਊਥ ਵੈਸਟ ਏਅਰਲਾਈਨਜ ਦੀ ਉਡਾਨ ਵਿਚ ਸਵਾਰ ਇਕ ਮੁਸਾਫਿਰ ਐਮਰਜੈਂਸੀ ਦਰਵਾਜ਼ਾ ਖੋਲ ਕੇ ਜਹਾਜ਼ ਦੇ ਪਰਾਂ ਉਪਰ ਚੜ ਗਿਆ। ਇਹ ਘਟਨਾ ਉਸ ਵੇਲੇ ਵਾਪਰੀ ਜਦੋਂ ਜਹਾਜ਼ ਉਡਾਨ ਭਰਨ ਦੀ ਤਿਆਰੀ ਵਿਚ ਸੀ। ਇਹ ਜਾਣਕਾਰੀ ਹਵਾਈ ਅੱਡੇ ਦੇ ਅਧਿਕਾਰੀਆਂ ਨੇ ਜਾਰੀ ਇਕ ਬਿਆਨ ਵਿਚ ਦਿੱਤੀ ਹੈ। ਜੈਫਰਸਨ ਪੈਰਿਸ਼ ਸ਼ੈਰਿਫ ਦਫਤਰ ਨੇ ਕਿਹਾ ਹੈ ਕਿ ਇਕ 38 ਸਾਲਾ ਮੁਸਾਫਿਰ ਨੂੰ ਹਵਾਈ ਅੱਡੇ ਦੇ ਮੁਲਾਜ਼ਮਾਂ ਨੇ ਪੁਲਿਸ ਅਫਸਰਾਂ ਦੇ ਮੌਕੇ ਉਪਰ ਪੁੱਜਣ ਤੋਂ ਪਹਿਲਾਂ ਹੀ ਕਾਬੂ ਕਰ ਲਿਆ ਸੀ। ਪੁਲਿਸ ਅਨੁਸਾਰ ਘਟਨਾ ਸਮੇਂ ਜਹਾਜ਼ ਖੜਾ ਸੀ। ਸ਼ੈਰਿਫ ਦਫਤਰ ਵੱਲੋਂ ਜਾਰੀ ਇਕ ਬਿਆਨ ਵਿਚ ਕਿਹਾ ਗਿਆ ਹੈ ਕਿ ਮੁਸਾਫਿਰ ਨੂੰ ਸਥਾਨਕ ਹਸਪਤਾਲ ਲਿਜਾਇਆ ਗਿਆ ਤਾਂ ਜੋ ਉਸ ਦੀ ਸਿਹਤ ਦੀ ਜਾਂਚ ਕੀਤੀ ਜਾ ਸਕੇ। ਪੁਲਿਸ ਦਾ ਵਿਸ਼ਵਾਸ਼ ਹੈ ਕਿ ਮੁਸਾਫਿਰ ਨੂੰ ਮਾਨਸਿਕ ਸਿਹਤ ਦੀ ਸਮੱਸਿਆ ਹੋ ਸਕਦੀ ਹੈ। ਬਿਆਨ ਅਨੁਸਾਰ ਮੁਸਾਫਿਰ ਦੇ ਕਬਜ਼ੇ ਵਿਚੋਂ ਕਿਸੇ ਕਿਸਮ ਦਾ ਕੋਈ ਹਥਿਆਰ ਬਰਾਮਦ ਨਹੀਂ ਹੋਇਆ ਹੈ ਤੇ ਸਥਾਨਕ ਪੱਧਰ ‘ਤੇ ਉਸ ਵਿਰੁੱਧ ਅਪਰਾਧਕ ਮਾਮਲਾ ਦਰਜ ਕਰਨ ਦੀ ਸੰਭਾਵਨਾ ਨਹੀਂ ਹੈ ਹਾਲਾਂ ਕਿ ਘਟਨਾ ਦੀ ਜਾਂਚ ਸੰਘੀ ਅਧਿਕਾਰੀਆਂ ਦੇ ਹਵਾਲੇ ਕਰ ਦਿੱਤੀ ਗਈ ਹੈ। ਪੁਲਿਸ ਨੇ ਸਪਸ਼ਟ ਕੀਤਾ ਹੈ ਕਿ ਇਸ ਘਟਨਾ ਵਿਚ ਕੋਈ ਵੀ ਵਿਅਕਤੀ ਜ਼ਖਮੀ ਨਹੀਂ ਹੋਇਆ ਹੈ। ਸਾਊਥ ਵੈਸਟ ਏਅਰਲਾਈਨਜ ਦੇ ਬੁਲਾਰੇ ਕ੍ਰਿਸ ਪੈਰੀ ਨੇ ਕਿਹਾ ਹੈ ਕਿ ਕੁਝ ਸਮੇ ਦੀ ਦੇਰੀ ਉਪਰੰਤ ਹਵਾਈ ਅੱਡੇ ਤੋਂ ਉਡਾਣਾਂ ਆਮ ਵਾਂਗ ਆ ਤੇ ਜਾ ਰਹੀਆਂ ਹਨ। ਤਕਰੀਬਨ 2 ਘੰਟੇ ਉਡਾਣਾਂ ਵਿਚ ਦੇਰੀ ਹੋਈ।

# ਇਜ਼ਰਾਈਲ ਵਿਚ ਫਿਰ ਗੋਲੀਬਾਰੀ, ਸੜਕ ਤੋਂ ਲੰਘ ਰਹੇ ਲੋਕਾਂ ‘ਤੇ ਗੋਲੀਆਂ ਚਲਾਈਆਂ, ਦੋ ਹਮਲਾਵਰ ਹਲਾਕ

ਤਲਅਵੀਵ-ਇਜ਼ਰਾਈਲ ਵਿੱਚ ਇੱਕ ਵਾਰ ਫਿਰ ਗੋਲੀਬਾਰੀ ਹੋਈ ਹੈ। ਜਾਣਕਾਰੀ ਮੁਤਾਬਕ ਹਮਲਾਵਰਾਂ ਨੇ ਯੇਰੂਸ਼ਲਮ ਨੇੜੇ ਸੜਕ ‘ਤੇ ਲੰਘ ਰਹੇ ਲੋਕਾਂ ‘ਤੇ ਗੋਲੀਆਂ ਚਲਾ ਦਿੱਤੀਆਂ। ਹਾਲਾਂਕਿ ਪੁਲਿਸ ਨੇ ਦੋਵਾਂ ਹਮਲਾਵਰਾਂ ਨੂੰ ਮਾਰ ਮੁਕਾਇਆ। ਪ੍ਰਾਪਤ ਜਾਣਕਾਰੀ ਅਨੁਸਾਰ ਬੰਦੂਕਧਾਰੀਆਂ ਨੇ ਵੀਰਵਾਰ ਨੂੰ ਯੇਰੂਸ਼ਲਮ ਦੇ ਐਂਟਰੀ ਪੁਆਇੰਟ ‘ਤੇ ਮੁੱਖ ਹਾਈਵੇਅ ਨੇੜੇ ਬੱਸ ਦੀ ਉਡੀਕ ਕਰ ਰਹੇ ਲੋਕਾਂ ‘ਤੇ ਗੋਲੀਆਂ ਚਲਾ ਦਿੱਤੀਆਂ। ਇਜ਼ਰਾਈਲ ਪੁਲਿਸ ਨੇ ਇਹ ਜਾਣਕਾਰੀ ਦਿੱਤੀ ਹੈ। ਪੁਲਿਸ ਨੇ ਦੱਸਿਆ ਕਿ ਇਸ ਘਟਨਾ ‘ਚ 7 ਲੋਕ ਜ਼ਖਮੀ ਹੋਏ ਹਨ। ਇਨ੍ਹਾਂ ਵਿੱਚੋਂ 3 ਦੀ ਹਾਲਤ ਨਾਜ਼ੁਕ ਬਣੀ ਹੋਈ ਹੈ। ਉਨ੍ਹਾਂ ਦੱਸਿਆ ਕਿ ਇਹ ਘਟਨਾ ਸਵੇਰੇ ਬਹੁਤ ਹੀ ਵਿਅਸਤ ਸਮੇਂ ਦੌਰਾਨ ਵਾਪਰੀ। ਪੁਲਿਸ ਨੇ ਦੱਸਿਆ ਕਿ ਦੋਵੇਂ ਹਮਲਾਵਰ ਮਾਰੇ ਗਏ ਹਨ। ਇਸ ਦੌਰਾਨ ਇਜ਼ਰਾਈਲ ਅਤੇ ਹਮਾਸ ਵਿਚਾਲੇ ਜੰਗਬੰਦੀ ਖਤਮ ਹੋਣ ਤੋਂ 8 ਮਿੰਟ ਪਹਿਲਾਂ ਭਾਵ ਭਾਰਤੀ ਸਮੇਂ ਮੁਤਾਬਕ ਸਵੇਰੇ 10:22 ਵਜੇ ਇਸ ਨੂੰ 1 ਦਿਨ ਲਈ ਵਧਾ ਦਿੱਤਾ ਗਿਆ ਹੈ। ਇਜ਼ਰਾਈਲ ਅਤੇ ਕਤਰ ਦੇ ਅਧਿਕਾਰੀਆਂ ਨੇ ਇਸ ਦੀ ਪੁਸ਼ਟੀ ਕੀਤੀ ਹੈ। ਟਾਈਮਜ਼ ਆਫ ਇਜ਼ਰਾਈਲ ਮੁਤਾਬਕ ਹਮਾਸ ਨੇ ਅੱਜ ਰਿਹਾਅ ਕੀਤੇ ਜਾਣ ਵਾਲੇ 10 ਬੰਧਕਾਂ ਦੀ ਸੂਚੀ ਦਿੱਤੀ ਹੈ, ਜਿਸ ਨੂੰ ਇਜ਼ਰਾਈਲ ਨੇ ਮਨਜ਼ੂਰੀ ਦੇ ਦਿੱਤੀ ਹੈ। ਜੰਗਬੰਦੀ ਦੇ ਤਹਿਤ ਹਮਾਸ ਹਰ ਰੋਜ਼ 10 ਬੰਧਕਾਂ ਨੂੰ ਰਿਹਾਅ ਕਰੇਗਾ। ਇਸ ਦੇ ਬਦਲੇ ਇਜ਼ਰਾਈਲ 30 ਫਲਸਤੀਨੀ ਕੈਦੀਆਂ ਨੂੰ ਰਿਹਾਅ ਕਰੇਗਾ। ਇਜ਼ਰਾਇਲੀ ਫੌਜ ਨੇ ਕਿਹਾ ਕਿ ਜੰਗਬੰਦੀ ਦੀਆਂ ਹੋਰ ਸ਼ਰਤਾਂ ‘ਤੇ ਹਾਲੇ ਵੀ ਗੱਲਬਾਤ ਚੱਲ ਰਹੀ ਹੈ।

# ਅਮਰੀਕਾ ਵਿਚ 3 ਫਲਸਤੀਨੀ ਵਿਦਿਆਰਥੀਆਂ ਉਪਰ ਹਮਲਾ ਕਰਨ ਵਾਲਾ ਸ਼ੱਕੀ ਦੋਸ਼ੀ ਗ੍ਰਿਫਤਾਰ

ਕੈਲੀਫੋਰਨੀਆ-ਅਮਰੀਕਾ ਦੇ ਵਰਮੈਂਟ ਰਾਜ ਵਿਚ ਬਰਲਿੰਗਟਨ ਵਿਖੇ ਥੈਂਕਸਗਿਵਿੰਗ ਦਿਵਸ ਮਨਾਉਣ ਲਈ ਇਕੱਠੇ ਹੋਏ 3 ਫਲਸਤੀਨੀ ਕਾਲਜ ਵਿਦਿਆਰਥੀਆਂ ਨੂੰ ਗੋਲੀਆਂ ਮਾਰ ਕੇ ਜ਼ਖਮੀ ਕਰ ਦੇਣ ਦੇ ਮਾਮਲੇ ਵਿਚ ਪੁਲਿਸ ਵੱਲੋਂ ਇਕ ਸ਼ੱਕੀ ਦੋਸ਼ੀ ਨੂੰ ਗ੍ਰਿਫਤਾਰ ਕਰ ਲੈਣ ਦੀ ਖਬਰ ਹੈ। ਪੁਲਿਸ ਅਨੁਸਾਰ ਗ੍ਰਿਫਤਾਰ ਸ਼ੱਕੀ ਹਮਲਾਵਰ ਦੀ ਪਛਾਣ ਜੈਸਨ ਈਟੋਨ (48) ਵਜੋਂ ਹੋਈ ਹੈ ਤੇ ਪੁਲਿਸ ਨੇ ਉਸ ਨੂੰ 3 ਫਲਸਤੀਨੀ ਵਿਦਿਆਰਥੀਆਂ ਉਪਰ ਹਮਲੇ ਦੇ ਮਾਮਲੇ ਵਿਚ ਸ਼ੱਕੀ ਦੋਸ਼ੀ ਵਜੋਂ ਨਾਮਜ਼ਦ ਕੀਤਾ ਹੈ। ਘਟਨਾ ਦੀ ਨਫ਼ਰਤੀ ਅਪਰਾਧ ਦੇ ਨਜਰੀਏ ਤੋਂ ਜਾਂਚ ਕੀਤੀ ਜਾ ਰਹੀ ਹੈ। ਅਦਾਲਤ ਵਿਚ ਪੇਸ਼ੀ ਸਮੇ ਈਟੋਨ ਨੇ 3 ਹੱਤਿਆਵਾਂ ਦੀ ਕੋਸ਼ਿਸ਼ ਦੇ ਦੂਸਰਾ ਦਰਜਾ ਦੋਸ਼ਾਂ ਤੋਂ ਇਨਕਾਰ ਕੀਤਾ ਹੈ। ਬੀਤੇ ਦਿਨ ਵਾਪਰੀ ਇਸ ਘਟਨਾ ਵਿਚ ਹੀਸ਼ਮ ਅਵਾਰਤਨੀ, ਕਿਨਾਨ ਅਬਦੁਲ ਹਾਮਿਦ ਤੇ ਤਾਹਸੀਨ ਅਹਿਮਦ ਨਾਮੀ ਫਲਸਤੀਨੀ ਵਿਦਿਆਰਥੀ ਗੋਲੀਆਂ ਵੱਜਣ ਕਾਰਨ ਜ਼ਖਮੀ ਹੋਏ ਸਨ। ਇਹ ਸਾਰੇ ਵਿਦਿਆਰਥੀ 20 ਸਾਲ ਦੀ ਉਮਰ ਦੇ ਹਨ ਤੇ ਅਮਰੀਕਾ ਦੇ ਵੱਖ ਵੱਖ ਕਾਲਜਾਂ ਵਿਚ ਪੜ ਰਹੇ ਹਨ।

# ਨਿੱਝਰ ਦੇ ਕਤਲ ਨਾਲ ਜੁੜੀ ਹੋਈ ਸੀ ਪਨੂੰ ਨੂੰ ਮਾਰਨ ਦੀ ਕਥਿਤ ਸਾਜਿਸ਼-ਅਮਰੀਕੀ ਜਾਂਚ ’ਚ ਖੁਲਾਸਾ

ਸਫ਼ਾ 1 ਦੀ ਬਾਕੀ

ਭਾਰਤੀ ਨਾਗਰਿਕ ਨਿਖਿਲ ਗੁਪਤਾ ਜਿਸ ਨੂੰ ਪੰਜ ਮਹੀਨੇ ਪਹਿਲਾਂ ਚੈੱਕ ਗਣਰਾਜ ਵਿਚ ਗ੍ਰਿਫਤਾਰ ਕੀਤਾ ਸੀ ਨੂੰ ਭਾਰਤ ਸਰਕਾਰ ਦੇ ਅਧਿਕਾਰੀ ਨੇ ਪਨੂੰ ਮਾਰਨ ਲਈ ਕਥਿਤ ਰੂਪ ਵਿਚ ਭਰਤੀ ਕੀਤਾ ਸੀ। ਦੋਸ਼ ਵਿਚ ਕਿਹਾ ਗਿਆ ਕਿ ਭਾਰਤੀ ਏਜੰਟ ਨੇ ਆਪਣੇ ਆਪ ਨੂੰ ਸੀਨੀਅਰ ਫੀਲਡ ਅਫਸਰ ਆਖਿਆ ਸੀ ਜਿਸ ਨੇ ਪਹਿਲਾਂ ਦੇਸ਼ ਦੀ ਸੈਂਟਰਲ ਰਿਜ਼ਰਵ ਪੁਲਿਸ ਫੋਰਸ ਵਿਚ ਨੌਕਰੀ ਕੀਤੀ ਅਤੇ ਫਿਰ ਉਹ ਸੁੱਰਖਿਆ ਅਤੇ ਖੁਫ਼ੀਆ ਮਾਮਲਿਆਂ ਵਿਚ ਜ਼ਿੰਮੇਵਾਰੀਆਂ ਨਿਭਾਉਂਦਾ ਰਿਹਾ ਹੈ। ਕਥਿਤ ਭਾਰਤੀ ਏਜੰਟ ਪਨੂੰ ਨੂੰ ਮਾਰਨ ਲਈ ਕਥਿਤ ਹਮਲਾਵਰ ਨੂੰ ਇਕ ਲੱਖ ਅਮਰੀਕੀ ਡਾਲਰ ਦੇਣ ਲਈ ਸਹਿਮਤ ਹੋ ਗਿਆ ਜਿਹੜਾ ਅਸਲ ਵਿਚ ਅੰਡਰਕਵਰ ਪੁਲਿਸ ਅਫਸਰ ਸੀ। ਗੁਪਤਾ ਨੇ ਕਥਿਤ ਹਮਲਾਵਰ (ਹਿਟਮੈਨ) ਨੂੰ ਕਿਹਾ ਕਿ ਉਹ ਜੂਨ ਦੇ ਸ਼ੁਰੂ ਵਿਚ ਹਮਲਾ ਨਾ ਕਰੇ ਕਿਉਂਕਿ ਉਸ ਸਮੇਂ ਭਾਰਤੀ ਤੇ ਅਮਰੀਕੀ ਅਧਿਕਾਰੀਆਂ ਵਿਚਕਾਰ ਉੱਚ ਪੱਧਰੀ ਮੀਟਿੰਗਾਂ ਹੋਣ ਵਾਲੀਆਂ ਹਨ ਅਤੇ ਰਾਜਸੀ ਨਤੀਜੇ ਸਾਹਮਣੇ ਆਉਣ ਦੀ ਸੰਭਾਵਨਾ ਹੈ। ਅਮਰੀਕੀ ਪ੍ਰੋਸੀਕਿਊਟਰਜ਼ ਨੇ ਦਾਇਰ ਦੋਸ਼ਾਂ ਮੁਤਾਬਿਕ ਨਿੱਝਰ ਦੇ ਕਤਲ ਤੋਂ ਕੁਝ ਦਿਨ ਪਹਿਲਾਂ ਗੁਪਤਾ ਨੇ ਅੰਡਰਕਵਰ ਅਫਸਰ ਜਿਸ ਨੂੰ ਉਹ ਅਪਰਾਧੀ ਸਮਝਦਾ ਸੀ ਨੂੰ ਦੱਸਿਆ ਕਿ ਸਾਨੂੰ ਇਕ ਹੋਰ ਹੱਤਿਆ ਲਈ ਕੈਨੇਡਾ ਵਿਚ ਇਕ ਚੰਗੀ ਟੀਮ ਦੀ ਲੋੜ ਹੈ। ਗੁਪਤਾ ਨੇ ਅੰਡਰਕਵਰ ਅਧਿਕਾਰੀ ਨੂੰ ਬਾਅਦ ਵਿਚ ਦੱਸਿਆ ਕਿ ਕੈਨੇਡਾ ਤੇ ਅਮਰੀਕਾ ਵਿਚ ਜਿਨ੍ਹਾਂ ਵਿਅਕਤੀਆਂ ਦੀ ਹੱਤਿਆ ਕੀਤੀ ਜਾਣੀ ਹੈ ਉਨ੍ਹਾਂ ਵਿਚ ਨਿੱਝਰ 4 ਜਾਂ 3 ਨੰਬਰ ’ਤੇ ਆਉਂਦਾ ਹੈ। ਨਿੱਝਰ ਦੇ ਕਤਲ ਤੋਂ ਕੁਝ ਘੰਟੇ ਬਾਅਦ ਉਸ ਨੇ ਅਫਸਰ ਨੂੰ ਇਕ ਵੀਡੀਓ ਕਲਿਪ ਭੇਜੀ ਜਿਸ ਵਿਚ ਨਿੱਝਰ ਦੀ ਲਾਸ਼ ਉਸ ਦੀ ਗੱਡੀ ਵਿਚ ਖੂਨ ਨਾਲ ਲੱਥਪੱਥ ਦਿਖਾਈ ਦਿੱਤੀ ਅਤੇ ਕਿਹਾ ਕਿ ਹੁਣ ਪਨੂੰ ਨੂੰ ਕਤਲ ਕਰਨ ਲਈ ਉਡੀਕ ਕਰਨ ਦੀ ਲੋੜ ਨਹੀਂ। ਨਿੱਝਰ ਦੇ ਕਤਲ ਤੋਂ ਦੋ ਦਿਨ ਪਿੱਛੋਂ ਗੁਪਤਾ ਨੇ ਅੰਡਰਕਵਰ ਅਧਿਕਾਰੀ ਨੂੰ ਹਦਾਇਤ ਕੀਤੀ ਕਿ ਉਹ ਅਮਰੀਕੀ ਨਿਸ਼ਾਨੇ ਲਈ ਤੁਰੰਤ ਕਾਰਵਾਈ ਕਰੇ ਅਤੇ 29 ਜੂਨ ਤਕ ਅਸੀਂ ਚਾਰ ਕੰਮ ਖਤਮ ਕਰਨੇ ਹਨ, ਜਿਸ ਵਿਚ ਇਕ ਅਮਰੀਕਾ ਅਤੇ ਤਿੰਨ ਕੈਨੇਡਾ ਵਿਚ ਹੋਰ ਨਿਸ਼ਾਨੇ ਸਨ। ਅਮਰੀਕੀ ਨਿਆਂ ਵਿਭਾਗ ਦੀ ਕਾਰਵਾਈ ਦੀ ਉਲਟ ਕੈਨੇਡਾ ਨੇ ਨਿੱਝਰ ਦੇ ਕਤਲ ਵਿਚ ਹੁਣ ਤਕ ਕੋਈ ਦੋਸ਼ ਆਦਿ ਨਹੀਂ ਕੀਤੇ ਅਤੇ ਨਾ ਹੀ ਆਰਸੀਐਮਪੀ ਨੇ ਨਿੱਝਰ ਦੇ ਕਤਲ ਦੀ ਜਾਂਚ ਵਿਚ ਕਿਸੇ ਤੱਥ ਦੇ ਪਤਾ ਲੱਗਣ ਦਾ ਐਲਾਨ ਕੀਤਾ। ਜਸਟਿਨ ਟਰੂਡੋ ਨੇ ਇਕ ਵਾਰ ਫਿਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸਰਕਾਰ ਨੂੰ ਕਿਹਾ ਕਿ ਉਹ ਕਾਤਲਾਂ ਨੂੰ ਨਿਆਂ ਦੇ ਕਟਹਿਰੇ ਵਿਚ ਲਿਆਉਣ ਲਈ ਕੈਨੇਡੀਅਨ ਲਾਅ ਇਨਫੋਰਸਮੈਂਟ ਨਾਲ ਸਹਿਯੋਗ ਕਰੇ।

WE HAVE MOVED TO BIGGER & BETTER LOCATION
#208-7110-120TH ST, SURREY




ICBC
NO WIN NO FEE
WE DO HOME & HOSPITAL VISITS

Your Lawyers, Because We Care

- Criminal Law
- Divorce Cases
- Immigration Law
- Notary Services

Singh Thind and Associates
BARRISTERS & SOLICITORS

#208 7110 120TH ST,
SURREY, BC V3W 3M8
Tel: 604.543.3886
Toll Free 1.866.543.3886

WWW.SINGHTHINDLAW.COM

# ਕੈਨੇਡਾ ਦੇ ਗੁਰੂਘਰਾ ’ਚ ਗੁਰਪੁਰਬ ਦਿਵਸ ਸ਼ਰਧਾ ਨਾਲ ਮਨਾਇਆ ਗਿਆ

ਕੈਨੇਡਾ-ਜਿਥੇ ਸੋਮਵਾਰ ਨੂੰ ਵਿਸ਼ਵ ਭਰ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ 554ਵਾਂ ਪ੍ਰਕਾਸ਼ ਦਿਹਾੜਾ ਸ਼ਰਧਾ ਤੇ ਧੂਮ-ਧਾਮ ਨਾਲ ਮਨਾਇਆ ਗਿਆ। ਉਥੇ ਨਿਰੰਕਾਰੀ ਜੋਤ, ਕਲਯੁੱਗ ਦੇ ਤਾਰਨਹਾਰ, ਸਿੱਖ ਧਰਮ ਦੇ ਮੋਢੀ, ਬਾਬਰ ਨੂੰ ਜਾਬਰ ਕਹਿਣ ਤੇ ਜ਼ੁਲਮ ਦੇ ਖ਼ਿਲਾਫ਼ ਹੱਕ-ਸੱਚ ਦੀ ਆਵਾਜ਼ ਨੂੰ ਬੁਲੰਦ ਕਰਨ ਵਾਲੇ ਜਗਤ ਗੁਰੂ ਧੰਨ-ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਪਾਵਨ ਪ੍ਰਕਾਸ਼ ਦਿਵਸ ਗੁਰਦੁਆਰਾ ਨਾਨਕਸਰ ਟਿੰਬਰਲੇਨ ਬਰੈਂਪਟਨ ਤੇ ਕੈਨੇਡਾ ਭਰ ਦੇ ਗੁਰਦੁਆਰਾ ਸਾਹਿਬ , ਉਨਟੈਰੀਓ ਖਾਲਸਾ ਦਰਬਾਰ , ਡਿਕਸੀ ਗੁਰੂਘਰ, ਨਾਨਕਸਰ ਸਿੱਖ ਸੈਂਟਰ ਤੇ ਹੋਰ ਵੈਨਕੂਵਰ ਦੇ ਵੱਖ-ਵੱਖ ਗੁਰੂਘਰਾਂ ਵਿਚ ਸ਼ਰਧਾਪੂਰਵਕ ਮਨਾਇਆ ਗਿਆ, ਜਿੱਥੇ ਸਵੇਰ ਤੇ ਸ਼ਾਮ ਦੋਵੇਂ ਸਮੇਂ ਗੁਰਮਤਿ ਦੀਵਾਨ ਸਜਾਏ ਗਏ। ਸਜੇ ਦੀਵਾਨਾਂ ਵਿਚ ਪੰਥ ਪ੍ਰਸਿੱਧ ਕੀਰਤਨੀਆਂ ਅਤੇ ਪ੍ਰਚਾਰਕਾਂ ਨੇ ਨਾਨਕ ਨਾਮਲੇਵਾ ਸੰਗਤਾਂ ਨੂੰ ਇਲਾਹੀ ਗੁਰਬਾਣੀ ਤੇ ਗੁਰਮਤਿ ਵਿਚਾਰਾਂ ਸਰਵਣ ਕਰਵਾਈਆਂ। ਕਥਾਂ ਅਤੇ ਕਵੀ ਸੱਜਣਾ ਵਲੋਂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਅਤੇ ਉਹਨਾਂ ਦੇ ਅਮਨ - ਅਮਾਨ , ਉਚ ਨੀਚ , ਅਮੀਰ - ਗਰੀਬ ਵਾਲੇ ਸੰਦੇਸ਼ ਨੂੰ ਸਾਂਝਿਆ ਕੀਤਾ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ‘ਚ ਗੁਰਦੁਆਰਿਆ ਨੂੰ ਅੰਦਰੋਂ ਅਤੇ ਬਾਹਰੋਂ ਬਹੁਤ ਹੀ ਖੁਬਸੂਰਤੀ ਨਾਲ ਲਾਇਟਾਂ ਅਤੇ ਫੁੱਲਾਂ ਨਾਲ ਸਜਾਇਆ ਗਿਆ ਸੀ। ਇਸੇ ਤਰਹਾਂ ਕੈਂਨੇਡਾ ਸਰਕਾਰ ਦੇ ਲੀਡਰਾਂ ਵਲੋਂ ਵੱਖ ਵੱਖ ਗੁਰਦੁਆਰਿਆ ਵਿਚ ਪਹੁੰਚ ਕੇ ਗੁਰੂ ਸਾਹਿਬ ਦੇ ਗੁਰਪੁਰਬ ਦੀਆਂ ਮੁਬਾਰਕਾ ਸਾਰੇ ਸਿੱਖ ਜਗਤ ਨੂੰ ਦਿੱਤੀਆਂ। ਇਸੇ ਤਰਹਾਂ ਕੈਨੇਡਾ ਦੇ ਪ੍ਰਧਾਂਨ ਮੰਤਰੀ ਟਰੂਡੋ ਵਲੋਂ ਵੀ ਸੰਦੇਸ ਜਾਰੀ ਕਰਦੇ ਹੋਏ ਕਿਹਾ ਕਿ, “ਇਸ ਮਹੱਤਵਪੂਰਨ ਮੌਕੇ ‘ਤੇ, ਪਰਿਵਾਰ ਅਤੇ ਦੋਸਤ ਗੁਰੂ ਨਾਨਕ ਦੇਵ ਜੀ ਦੀਆਂ ਸਮਾਨਤਾ ਦੀਆਂ ਸਿੱਖਿਆਵਾਂ, ਅਤੇ ਏਕਤਾ, ਨਿਰਸਵਾਰਥਤਾ ਅਤੇ ਹਮਦਰਦੀ ਦੀਆਂ ਕਦਰਾਂ-ਕੀਮਤਾਂ ‘ਤੇ ਵਿਚਾਰ ਕਰਨ ਲਈ ਇਕੱਠੇ ਹੋਣਗੇ ਜਿਨ੍ਹਾਂ ਨੂੰ ਉਨ੍ਹਾਂ ਨੇ ਬਰਕਰਾਰ ਰੱਖਿਆ। ਇਹ ਮਹੱਤਵਪੂਰਨ ਕਦਰਾਂ-ਕੀਮਤਾਂ ਅੱਜ ਵੀ ਸਿੱਖ ਕੈਨੇਡੀਅਨਾਂ ਦਾ ਮਾਰਗਦਰਸ਼ਨ ਕਰਦੀਆਂ ਰਹਿੰਦੀਆਂ ਹਨ, ਅਤੇ ਸਾਰੇ ਕੈਨੇਡੀਅਨਾਂ ਲਈ ਪ੍ਰੇਰਨਾ ਬਣ ਸਕਦੀਆਂ ਹਨ ਕਿਉਂਕਿ ਅਸੀਂ ਸਾਰਿਆਂ ਲਈ ਬਿਹਤਰ ਭਵਿੱਖ ਬਣਾਉਣ ਦੀ ਕੋਸ਼ਿਸ਼ ਕਰਦੇ ਹਾਂ। "ਕੈਨੇਡਾ ਦੁਨੀਆ ਭਰ ਦੇ ਸਭ ਤੋਂ ਵੱਡੇ ਸਿੱਖ ਭਾਈਚਾਰੇ ਦਾ ਘਰ ਹੈ। ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਸਾਡੇ ਸਾਰਿਆਂ ਲਈ ਕੈਨੇਡਾ ਦੇ ਸੱਭਿਆਚਾਰ, ਭਾਈਚਾਰੇ ਅਤੇ ਆਰਥਿਕਤਾ ਵਿੱਚ ਸਿੱਖ ਕੈਨੇਡੀਅਨਾਂ ਦੇ ਬਹੁਤ ਸਾਰੇ ਯੋਗਦਾਨ ਨੂੰ ਮਾਨਤਾ ਦੇਣ ਦਾ ਇੱਕ ਮੌਕਾ ਹੈ, ਜਿਸ ਨਾਲ ਸਾਡੇ ਦੇਸ਼ ਨੂੰ ਮਜ਼ਬੂਤ ਅਤੇ ਵਧੇਰੇ ਜੀਵੰਤ ਬਣਾਇਆ ਜਾ ਰਿਹਾ ਹੈ। ਦੀਵਾਨਾਂ ਦੀ ਸਮਾਪਤੀ ਉਪਰੰਤ ਗੁਰੂ ਕੇ ਲੰਗਰ ਤੇ ਮਠਿਆਈਆਂ ਦੇ ਲੰਗਰ ਅਤੁੱਟ ਵਰਤਾਏ ਗਏ। ਆਖਿਰ ਤੇ ਸਮਾਪਤੀ ਦੀ ਅਰਦਾਸ ਭਾਈ ਸੇਵਾ ਸਿੰਘ ਹੋਰਾ ਵਲੋਂ ਕੀਤੀ ਗਈ ਤੇ ਸੰਗਤਾਂ ਦਾ ਗੁਰੂਘਰ ਪਹੁੰਚਣ ਤੇ ਧੰਨਵਾਦ ਕੀਤਾ।



## ਚੱਲਦੀ ਗੱਡੀ ਵਿੱਚੋਂ ਮਹਿਲਾ ਨੂੰ ਬਾਹਰ ਧੱਕਾ ਦੇਣ ਵਾਲਾ ਡਰਾਈਵਰ ਗ੍ਰਿਫਤਾਰ

ਟੋਰਾਂਟੋ-ਟੋਰਾਂਟੋ ਪੁਲਿਸ ਵੱਲੋਂ ਇੱਕ ਡਰਾਈਵਰ ਨੂੰ ਗ੍ਰਿਫਤਾਰ ਕੀਤਾ ਗਿਆ ਹੈ, ਜਿਸ ਨੇ ਪੁਲਿਸ ਦੀਆਂ ਕਈ ਕਰੂਜ਼ਰਜ਼ ਵਿੱਚ ਕਥਿਤ ਤੌਰ ਉੱਤੇ ਟੱਕਰ ਮਾਰ ਦਿੱਤੀ। ਜਾਂਚਕਾਰ ਇਹ ਪਤਾ ਲਾਉਣ ਦੀ ਵੀ ਕੋਸ਼ਿਸ਼ ਕਰ ਰਹੇ ਹਨ ਕਿ ਕਿਤੇ ਇਸ ਡਰਾਈਵਰ ਨੇ ਆਪਣੀ ਚੱਲਦੀ ਕਾਰ ਵਿੱਚੋਂ ਧੱਕਾ ਦੇ ਕੇ ਕਿਸੇ ਮਹਿਲਾ ਨੂੰ ਤਾਂ ਬਾਹਰ ਨਹੀਂ ਸੁੱਟਿਆ। ਜਾਂਚਕਾਰਾਂ ਨੂੰ ਹਾਈਵੇਅ 27 ਤੇ ਹੰਬਰ ਕਾਲਜ ਬੁਲੇਵਾਰਡ ਇਲਾਕੇ ਵਿੱਚ ਹੋਏ ਹਾਦਸੇ ਦੀ ਜਾਣਕਾਰੀ ਦਿੱਤੀ ਗਈ। ਪੁਲਿਸ ਨੇ ਦੱਸਿਆ ਕਿ ਕਾਲੇ ਰੰਗ ਦੀ ਸੇਡਾਨ ਵਿੱਚ ਮੌਜੂਦ ਇੱਕ ਡਰਾਈਵਰ ਵੱਲੋਂ ਇਲਾਕੇ ਵਿੱਚ ਕਈ ਗੱਡੀਆਂ ਨੂੰ ਟੱਕਰ ਮਾਰੀ ਤੇ ਮੌਕੇ ਤੋਂ ਫਰਾਰ ਹੋ ਗਿਆ।ਕਾਂਸਟੇਬਲ ਲੌਰਾ ਬ੍ਰੈਬੈਂਟ ਦਾ ਕਹਿਣਾ ਹੈ ਕਿ ਇੱਕ ਮਹਿਲਾ ਗੰਭੀਰ ਜ਼ਖ਼ਮੀ ਹਾਲਤ ਵਿੱਚ ਮਿਲੀ ਤੇ ਪੁਲਿਸ ਇਹ ਪਤਾ ਲਾਉਣ ਦੀ ਕੋਸ਼ਿਸ਼ ਕਰ ਰਹੀ ਹੈ ਕਿ ਕਿਤੇ ਉਸ ਨੂੰ ਚੱਲਦੀ ਸੇਡਾਨ ਵਿੱਚੋਂ ਤਾਂ ਬਾਹਰ ਨਹੀਂ ਸੁੱਟਿਆ ਗਿਆ। ਉਨ੍ਹਾਂ ਆਖਿਆ ਕਿ ਇਸ ਸਬੰਧੀ ਜਾਣਕਾਰੀ ਚਸ਼ਮਦੀਦਾਂ ਵੱਲੋਂ ਦਿੱਤੀ ਗਈ ਹੈ ਕਿ ਕਾਰ ਵਿੱਚ ਮਹਿਲਾ ਸਵਾਰ ਸੀ ਤੇ ਜਾਂ ਤਾਂ ਉਹ ਖੁਦ ਚੱਲਦੀ ਕਾਰ ਵਿੱਚੋਂ ਬਾਹਰ ਡਿੱਗ ਗਈ ਤੇ ਜਾਂ ਫਿਰ ਉਸ ਨੂੰ ਧੱਕਾ ਮਾਰਿਆ ਗਿਆ।ਉਨ੍ਹਾਂ ਆਖਿਆ ਕਿ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਇਸ ਡਰਾਈਵਰ ਵੱਲੋਂ ਪੁਲਿਸ ਦੀਆਂ ਕਈ ਕਰੂਜ਼ਰਜ਼ ਨੂੰ ਟੱਕਰ ਮਾਰੀ ਗਈ ਤੇ ਇੱਕ ਅਧਿਕਾਰੀ ਜ਼ਖ਼ਮੀ ਵੀ ਹੋ ਗਿਆ। ਆਖਿਰਕਾਰ ਇਸ ਡਰਾਈਵਰ ਨੂੰ ਹਾਈਵੇਅ 27 ਤੇ ਐਲਬੀਅਨ ਰੋਡ ਏਰੀਆ ਵਿੱਚ ਵੇਖਿਆ ਗਿਆ ਤੇ ਉੱਥੇ ਹੀ ਇਸ ਨੂੰ ਗ੍ਰਿਫਤਾਰ ਵੀ ਕਰ ਲਿਆ ਗਿਆ। ਉਨ੍ਹਾਂ ਦੱਸਿਆ ਕਿ ਇਸ ਡਰਾਈਵਰ ਉੱਤੇ ਕਈ ਚਾਰਜਿਜ਼ ਲਾਏ ਜਾ ਸਕਦੇ ਹਨ।

## ਲਾੜੇ ਨੂੰ ਹੋ ਗਿਆ ਡੇਂਗੂ ਤਾਂ ਹਸਪਤਾਲ ਵਿਚ ਹੀ ਮੰਡਪ ਸਜਾਕੇ ਲਾੜਾ-ਲਾੜੀ ਨੇ ਪਾਈ ਇੱਕ ਦੂਜੇ ਦੇ ਵਰਮਾਲਾ

ਨਵੀਂ ਦਿੱਲੀ-ਗਾਜ਼ੀਆਬਾਦ ਦੇ ਇੱਕ ਹਸਪਤਾਲ ਵਿੱਚ ਇੱਕ ਅਲੱਗ ਤਰੀਕੇ ਨਾਲ ਵਿਆਹ ਹੋਇਆ। ਜਿੱਥੇ ਡੇਂਗੂ ਕਾਰਨ ਹਸਪਤਾਲ ‘ਚ ਦਾਖਲ ਹੋਏ ਲਾੜੇ ਦਾ ਵਿਆਹ ਮੈਰਿਜ ਹਾਲ ਦੀ ਥਾਂ ਹਸਪਤਾਲ ‘ਚ ਹੀ ਹੋਇਆ। ਦਿੱਲੀ ਦੇ ਕੋਂਡਲੀ ਦੇ ਰਹਿਣ ਵਾਲੇ ਅਵਿਨਾਸ਼ ਦਾ ਵਿਆਹ ਫਰੀਦਾਬਾਦ ਦੀ ਰਹਿਣ ਵਾਲੀ ਅਨੁਰਾਧਾ ਨਾਲ ਤੈਅ ਹੋਇਆ ਸੀ। ਵਿਆਹ 27 ਨਵੰਬਰ ਨੂੰ ਹੋਣਾ ਸੀ, ਜਿਸ ਲਈ ਪਲਵਲ ਵਿੱਚ ਇੱਕ ਬੈਂਕੁਏਟ ਹਾਲ ਵੀ ਲੜਕੀ ਵਾਲਿਆਂ ਵੱਲੋਂ ਬੁੱਕ ਕਰਵਾਇਆ ਗਿਆ ਸੀ। ਪਲੇਟਲੈਟਸ ਦੀ ਗਿਣਤੀ ਬਹੁਤ ਘੱਟ ਹੋਣ ਕਾਰਨ ਲਾੜੇ ਨੂੰ ਹਸਪਤਾਲ ਦਾਖਲ ਕਰਵਾਉਣਾ ਪਿਆ। ਪਰਿਵਾਰ ਨੇ ਹਸਪਤਾਲ ਵਿਚ ਹੀ ਵਿਆਹ ਕਰਵਾਉਣ ਦਾ ਫੈਸਲਾ ਕੀਤਾ। ਵੈਸ਼ਾਲੀ ਦੇ ਮੈਕਸ ਹਸਪਤਾਲ ਦੇ ਇੱਕ ਹਾਲ ਵਿੱਚ ਵਿਆਹ ਦਾ ਹਾਲ ਸਜਾਇਆ ਗਿਆ। ਹਸਪਤਾਲ ਦੇ ਸਜਾਏ ਮੰਡਪ ਵਿੱਚ ਲਾੜਾ-ਲਾੜੀ ਨੇ ਇੱਕ ਦੂਜੇ ਨੂੰ ਹਾਰ ਪਹਿਨਾਏ। ਵਿਆਹ ਦੀ ਸਮਾਪਤੀ ਤੋਂ ਬਾਅਦ ਲਾੜਾ-ਲਾੜੀ ਨੇ ਆਪਣੇ ਮਾਤਾ-ਪਿਤਾ ਦੇ ਪੈਰ ਛੂਹ ਕੇ ਅਸ਼ੀਰਵਾਦ ਲਿਆ। ਗਾਜ਼ੀਆਬਾਦ ਦੇ ਰਹਿਣ ਵਾਲੇ ਅਵਿਨਾਸ਼ ਕੁਮਾਰ ਦੀ ਤਬੀਅਤ ਵਿਆਹ ਤੋਂ 4 ਦਿਨ ਪਹਿਲਾਂ ਵਿਗੜ ਗਈ ਸੀ। ਬੁਖਾਰ ਅਤੇ ਥਕਾਵਟ ਕਾਰਨ ਅਵਿਨਾਸ਼ ਦੋ ਦਿਨਾਂ ਤੋਂ ਮੰਜੇ ਤੋਂ ਉਠ ਨਹੀਂ ਸਕਿਆ। ਡੇਂਗੂ ਦੀ ਪੁਸ਼ਟੀ ਹੋਣ ਤੋਂ ਬਾਅਦ, ਉਸ ਦੇ ਪਰਿਵਾਰ ਨੇ ਉਸ ਨੂੰ 25 ਨਵੰਬਰ ਨੂੰ ਵੈਸ਼ਾਲੀ ਦੇ ਮੈਕਸ ਹਸਪਤਾਲ ਵਿੱਚ ਦਾਖਲ ਕਰਵਾਇਆ। ਅਵਿਨਾਸ਼ ਦੇ ਬਲੱਡ ਪਲੇਟਲੈਟਸ ਦੀ ਗਿਣਤੀ 10 ਹਜ਼ਾਰ ਤੱਕ ਡਿੱਗ ਗਈ। ਡਾਕਟਰਾਂ ਮੁਤਾਬਕ ਜੇਕਰ ਬਲੱਡ ਪਲੇਟਲੇਟ ਦੀ ਗਿਣਤੀ 20 ਹਜ਼ਾਰ ਤੋਂ ਘੱਟ ਹੈ ਤਾਂ ਮਰੀਜ਼ ਨੂੰ ਗੰਭੀਰ ਸ਼੍ਰੇਣੀ ਵਿੱਚ ਮੰਨਿਆ ਜਾਂਦਾ ਹੈ।


Injured in an accident?

ICBC claim?

We can help.

Experienced and Professional staff are available for you. We cover all litigation expenses and if there is no recovery, there are no fees to you. Legal services also available in Punjabi, Hindi, Urdu.

ਆਈ.ਸੀ.ਬੀ.ਸੀ ਅਤੇ ਪਰਸਨਲ ਇੰਜਰੀ ਕਲੇਮ
- ਤਜ਼ੁਰਬੇਕਾਰ ਅਤੇ ਪ੍ਰੋਫੈਸ਼ਨਲ ਸਟਾਫ ਤੁਹਾਡੀ ਸੇਵਾ ਵਿੱਚ ਹੈ।
- ਮੁਕੱਦਮਾ ਨਾ ਜਿੱਤਣ ਤੇ ਕੋਈ ਫੀਸ ਨਹੀ ਲਈ ਜਾਵੇਗੀ
- ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਵਿੱਚ ਗੱਲ ਕਰਦੇ ਹਾਂ।

We handle accident issues related to:
- Brain and spinal cord injuries
- Fatality claims
- Chronic pain
- Soft tissue injuries
- All economic damages and losses
- Slip and fall injuries



For a fair settlement for your claim, call **Mandeep Randhawa** today.


604-449-7500

RANDHAWA MINHAS LLP

PERSONAL INJURY LAWYERS
T 604-449-7500 F 604-449-7501
msr@randhawalaw.ca www.randhawalaw.ca
200 – 6245 136th Street, Surrey, BC.

# ਦ੍ਰਿਸ਼ਟਾ ਤੇ ਦ੍ਰਿਸ਼

## ਜੇ ਕ੍ਰਿਸ਼ਨਾਮੂਰਤੀ



ਮੇਹਰਬਾਨੀ ਕਰਕੇ ਥੋੜੀ ਦੂਰ ਮੇਰੇ ਨਾਲ ਹੋਰ ਚਲੋ। ਹੋ ਸਕਦਾ ਹੈ ਕਿ ਗੱਲ ਤੁਹਾਨੂੰ ਥੋੜੀ ਗੁੰਝਲਦਾਰ ਤੇ ਗੂੜ ਲਗੇ ਪਰ ਮੇਹਰਬਾਨੀ ਕਰਕੇ ਥੋੜਾ ਨਾਲ ਚਲੋ।

ਜਦ ਮੈਂ ਤੁਹਾਡੇ ਬਾਰੇ ਜਾਂ ਕਿਸੇ ਵੀ ਚੀਜ਼ ਬਾਰੇ ਇਕ ਛਵੀ ਬਣਾ ਲੈਂਦਾ ਹਾਂ, ਮੈਂ ਉਸ ਛਵੀ ਨੂੰ ਦੇਖ ਸਕਦਾ ਹਾਂ। ਮੈਂ ਉਥੇ ਇਕ ਪਾਸੇ ਛਵੀ ਹੈ ਦੂਜੇ ਪਾਸੇ ਦੇਖਣ ਵਾਲਾ ? ਫਰਜ਼ ਕਰੋ ਮੈਂ ਕਿਸੇ ਲਾਲ ਕਮੀਜ਼ ਵਾਲੇ ਨੂੰ ਦੇਖਦਾ ਹਾਂ, ਉਹ ਮੈਨੂੰ ਚੰਗਾ ਲਗਦਾ ਹੈ ਜਾਂ ਮਾੜਾ। ਇਹ ਪ੍ਰਤੀਕਿਰਿਆ ਮੇਰੀ ਸੰਸਕ੍ਰਿਤੀ, ਮੇਰੀ ਸਿਖਲਾਈ, ਮੇਰੀ ਸੰਗਤ-ਸੋਹਬਤ, ਮੇਰੇ ਝੁਕਾਵਾਂ, ਮੇਰੇ ਪਿਛੋਕੜ ਕਰਕੇ ਹੈ ? ਇਹਨਾਂ ਸਾਰਿਆਂ ਤੋਂ ਬਣੇ ਕੇਂਦਰ ਤੋਂ ਮੈਂ ਦੇਖਦਾ ਹਾਂ ਤੇ ਆਪਣੇ ਨਿਰਣੇ ਲੈਂਦਾ ਹਾਂ ਅਤੇ ਇੰਜ ਦੇਖਣ ਵਾਲਾ ਦ੍ਰਿਸ਼ ਨਾਲੋਂ ਵੱਖ ਹੋ ਜਾਂਦਾ ਹੈ।

ਪਰ ਦੇਖਣ ਵਾਲਾ ਇਕ ਤੋਂ ਵੱਧ ਛਵੀਆਂ ਦੇ ਪ੍ਰਤੀ ਚੇਤਨ ਹੁੰਦਾ ਹੈ; ਉਹ ਹਜ਼ਾਰਾਂ ਪ੍ਰਤੀਬਿੰਬ ਬਣਾਂਦਾ ਹੈ। ਪਰ ਕੀ ਦ੍ਰਿਟਾ ਇਨ੍ਹਾ ਛਵੀਆਂ ਤੋਂ ਵੱਖ ਹੈ ? ਕੀ ਉਹ ਵੀ ਖੁਦ ਇਕ ਛਵੀ ਹੀ ਨਹੀਂ ਹੈ ? ਉਹ ਹਮੇਸ਼ਾ ਆਪਣੇ ਵਿਚੋਂ ਕੁਝ ਨਾ ਕੁਝ ਜਮਾਂ ਘਟਾਅ ਕਰਦਾ ਰਹਿੰਦਾ ਹੈ। ਦ੍ਰਿਸ਼ਟਾ ਇਕ ਜੀਵੰਤ ਹਸਤੀ ਹੈ ਜੋ ਹਰ ਵੇਲੇ ਤੋਲ-ਮੋਲ ਵਿੱਚ, ਤੁਲਨਾ ਵਿੱਚ, ਨਿਰਨੇ ਲੈਣ ਵਿੱਚ ਲੱਗਾ ਰਹਿੰਦਾ ਹੈ, ਅੰਦਰਲੇ ਤੇ ਬਾਹਰੀ ਦਬਾਵਾਂ ਕਰਕੇ ਡੋਲਦਾ ਰਹਿੰਦਾ ਹੈ। ਇਹ ਜੀਵਨ ਉਸ ਦੇ ਗਿਆਨ, ਪ੍ਰਭਾਵਾਂ ਤੇ ਅਣਗਿਣਤ ਲੇਖੇ-ਜੋਖੇ ਤੋਂ ਹੀ ਬਣਦਾ ਹੈ ਜੋ ਉਸਦੀ ਆਪਣੀ ਚੇਤਨਾ ਦਾ ਹੀ ਖਿਲਾਰਾ ਹੈ। ਤੇ ਜੇ ਤੁਸੀਂ ਕਿਤੇ ਦ੍ਰਿਸ਼ਟਾ ਤੇ ਨਜ਼ਰ ਮਾਰੋ ਜੋ ਤੁਸੀਂ ਖੁਦ ਹੋ ਤਾਂ ਤੁਸੀਂ ਪਾਓਗੇ ਕਿ ਇਹ ਅਨੇਕ ਯਾਦਾਂ, ਅਨੁਭਵਾਂ, ਪ੍ਰਭਾਵਾਂ, ਪ੍ਰੰਪਰਾਵਾਂ, ਘਟਨਾਵਾਂ ਅਤੇ ਅਨੰਤ ਦੁਖਾਂ ਤੋਂ ਬਣਿਆ ਹੈ ਜੋ ਸਭ ਦੇ ਸਭ ਅਤੀਤ ਹਨ। ਇਹ ਦ੍ਰਿਸ਼ਟਾ ਵਰਤਮਾਨ ਤੇ ਅਤੀਤ ਦੋਹੇਂ ਹੈ।ਤੇ ਆਉਣ ਵਾਲਾ ਕੱਲ ਜੋ ਉਡੀਕ 'ਚ ਹੈ ਉਹ ਵੀ ਇਸੇ ਦਾ ਹਿੱਸਾ ਹੈ। ਇਸ ਲਈ ਦ੍ਰਿਸ਼ਟਾ ਬਿਰਖ ਦੇ ਉਸ ਪੱਤੇ ਵਾਂਗ ਹੈ ਜਿਸ ਦਾ ਅੱਧਾ ਹਿੱਸਾ ਪੀਲਾ ਪੈ ਚੁਕਿਆ ਹੈ ਤੇ ਅੱਧਾ ਹਲੇ ਹਰਾ ਹੈ, ਅਧਪਚੱਧਾ ਜਿਉਂਦਾ ਤੇ ਅਧਮੋਇਆ ਦ੍ਰਿਸ਼ਟਾ ਹੀ ਇਹ ਸਭ ਦੇਖਦਾ ਹੈ। ਵਕਤ ਦੇ ਘੇਰੇ ਵਿਚ ਚੇਤਨਾ ਤੇ ਮਨ ਦੀ ਇਸ ਅਵਸਥਾ ਵਿਚ ਦ੍ਰਿਸ਼ਟਾ ਯਾਨੀ ਤੁਸੀਂ ਖੁਦ, ਡਰ, ਈਰਖਾ, ਯੁੱਧ ਅਤੇ ਆਪਣੇ ਪਰਿਵਾਰ ਨੂੰ ਦੇਖਦੇ ਹੋ (ਇੱਕ ਭੱਦੀ ਦਮਘੋਟੂ ਸ਼ੈਅ ਜਿਸ ਨੂੰ ਪਰੀਵਾਰ ਕਹਿੰਦੇ ਹਾਂ) ਅਤੇ ਇਸ ਤੋਂ ਉਤਪੰਨ ਸਮੱਸਿਆਵਾਂ ਨੂੰ ਹੱਲ ਕਰਨ ਦੀ ਕੋਸ਼ਿਸ਼ ਕਰਦੇ ਹੋ ਜੋ ਹਰ ਵਾਰ ਤੁਹਾਡੇ ਸਾਹਮਣੇ ਨਵੀਂ ਚੁਣੌਤੀ ਦੇ ਰੂਪ ਵਿਚ ਉਭਰਦਾ ਹੈ। ਪਰ ਜੋ ਵੀ ਨਵਾਂ ਹੈ, ਉਸਦਾ ਸਿਧਾ ਸਾਹਮਣਾ ਕਰਨ ਦੀ ਬਜਾਏ, ਤੁਸੀਂ ਉਸ ਨੂੰ ਪਹਿਲਾਂ ਪੁਰਾਣੇ ਢਾਂਚੇ ਵਿਚ ਢਾਲਣ ਦੀ ਕੋਸ਼ਿਸ਼ ਕਰਦੇ ਹੋ ਇਸ ਲਈ ਤੁਸੀਂ ਹਮੇਸ਼ਾ ਟਕਰਾਵ ਵਿਚ ਹੀ ਜਿਊਂਦੇ ਹੋ।

ਦ੍ਰਿਸਟਾ ਆਪ ਵੀ ਇਕ ਬਿੰਬ ਹੈ ਜੋ ਆਪਣੇ ਅੰਦਰ ਤੇ ਆਸ-ਪਾਸ ਦਰਜਨਾਂ ਦੂਸਰੀਆਂ ਛਵੀਆਂ ਨੂੰ ਦੇਖਦਾ ਹੈ ਤੇ ਕਹਿੰਦਾ ਹੈ ਮੈਨੂੰ ਇਹ ਚੰਗਾ ਲਗਦਾ ਹੈ, ਮੈਂ ਇਸ ਨੂੰ ਸਾਂਭ ਕੇ ਰਖਾਂਗਾ। ਜਾਂ ਇਹ ਮੈਨੂੰ ਬਿਲਕੁਲ ਚੰਗਾ ਨਹੀਂ ਲਗਦਾ ਇਸਲਈ ਇਸ ਤੋਂ ਛੁਟਕਾਰਾ ਪਾਉਣਾ ਹੈ। ਪਰ ਦ੍ਰਿਸਟਾ ਖੁਦ, ਉਹਨਾਂ ਬਿੰਬਾਂ ਦਾ ਜਮਾ-ਜੋੜ ਹੈ, ਜੋ ਬਿੰਬ ਦੂਸਰੇ ਅਨੇਕਾਂ ਬਿੰਬਾਂ ਵੱਲ ਉਨ੍ਹਾਂ ਦੀਆਂ ਪ੍ਰਤਿਕਿਰਿਆਵਾਂ ਸਦਕਾ ਹੀ ਹੋਂਦ ਵਿਚ ਆਏ ਹਨ।ਸ ਅਸੀਂ ਉਸ ਬਿੰਦੂ 'ਤੇ ਆ ਪਹੁੰਚੇ ਹਾਂ ਜਿੱਥੇ ਅਸੀਂ ਕਹਿ ਸਕਦੇ ਹਾਂ ਕਿ ਦ੍ਰਿਸਟਾ ਵੀ ਇਕ ਬਿੰਬ ਹੀ ਹੈ। ਕੇਵਲ ਉਹ ਖੁਦ ਨੂੰ ਦ੍ਰਿਸ਼ ਨਾਲੋਂ ਵੱਖ ਕਰ ਕੇ ਦੇਖਦਾ ਹੈ। ਇਹ ਦ੍ਰਿਸ਼ਟਾ ਜੋ ਕਈ ਬਿੰਬਾਂ ਤੋਂ ਬਣਿਆ ਹੈ, ਆਪਣੇ ਆਪ ਨੂੰ ਸਥਾਈ ਸਮਝਦਾ ਹੈ। ਅਤੇ ਉਨ੍ਹਾਂ ਬਿੰਬਾਂ-ਜਿਨ੍ਹਾਂ ਨੂੰ ਉਸਨੇ ਖੁਦ ਹੀ ਸਿਰਜਿਆ ਹੈ—ਤੇ ਉਸ ਵਿੱਚਕਾਰ ਇਕ ਪਾੜਾ ਹੈ, ਸਮੇਂ ਦਾ ਅੰਤਰਾਲ ਹੈ। ਇਸ ਨਾਲ ਉਹਦੇ ਤੇ ਬਿੰਬਾਂ ਵਿਚ—ਜਿਨ੍ਹਾਂ ਨੂੰ ਉਹ ਦੁੱਖ ਦਾ ਕਾਰਣ ਸਮਝਦਾ ਹੈ—ਸੰਘਰਸ਼ ਸ਼ੁਰੂ ਹੋ ਜਾਂਦਾ ਹੈ। ਤੇ ਉਹ ਕਹਿੰਦਾ ਹੈ ਕਿ ਮੈਂ ਇਸ ਸੰਘਰਸ਼ ਤੋਂ ਮੁਕਤੀ ਹਾਸਿਲ ਕਰਨੀ ਹੈ। ਪਰ ਸੰਘਰਸ਼ ਤੋਂ ਮੁਕਤ ਹੋਣ ਦੀ ਖਾਹਿਸ਼ ਇਕ ਹੋਰ ਬਿੰਬ ਸਿਰਜ ਲੈਂਦੀ ਹੈ।

ਇਸ ਸਭ ਵੱਲ ਸਜਗਤਾ ਜੋ ਕਿ ਅਸਲੀ ਧਿਆਨ ਹੈ ਹੀ ਇਹ ਸਪੱਸ਼ਟ ਕਰਦੀ ਹੈ ਉੱਥੇ ਇਕ ਕੇਂਦਰੀ ਬਿੰਬ ਹੈ ਜਿਸਨੂੰ ਦੂਜੇ ਅਨੇਕਾਂ ਬਿੰਬਾਂ ਨੇ ਘੜਿਆ ਹੈ। ਉਹ ਕੇਂਦਰੀ ਬਿੰਬ, ਦ੍ਰਿਸ਼ਟਾ, ਸੈਂਸਰ, ਅਨੁਭਵਕਰਤਾ, ਮੁਲਾਂਕਣਕਰਤਾ ਤੇ ਜੱਜ ਹੈ ਜੋ ਬਾਕੀ ਬਿੰਬਾਂ ਨੂੰ ਜਿਤਣਾ ਜਾਂ ਅਧੀਨ ਕਰਨਾ ਚਾਹੁੰਦਾ ਹੈ, ਉਹਨਾਂ ਦਾ ਨਾਸ਼ ਕਰਨਾ ਚਾਹੁੰਦਾ ਹੈ। ਦੂਸਰੇ ਬਿੰਬ ਦ੍ਰਿਸ਼ਟਾਂ ਵੱਲੋਂ ਕੱਢੇ ਨਿਚੋੜਾਂ, ਨਿਰਣਿਆਂ ਤੇ ਮਤਾਂ ਦਾ ਹੀ ਫਲ ਹਨ ਤੇ ਦ੍ਰਿਟੀ ਖੁਦ ਦੂਸਰੇ ਬਿੰਬਾਂ ਦਾ ਫਲ ਹੈ। ਇਸ ਕਰਕੇ ਦ੍ਰਿਸ਼ਟਾ ਹੀ ਦ੍ਰਿਸ਼ ਹੈ।

ਸੋ ਸਜਗਤਾ ਨੇ ਸਾਡੇ ਮਨ ਦੀਆਂ ਵੱਖ-ਵੱਖ ਅਵਸਥਾਵਾਂ ਨੂੰ ਉਜਾਗਰ ਕਰ ਦਿੱਤਾ ਹੈ।ਵੱਖ-ਵੱਖ ਬਿੰਬਾਂ ਨੂੰ ਪ੍ਰਗਟ ਕਰ ਦਿੱਤਾ ਹੈ ਤੇ ਇਹ ਵੀ ਪ੍ਰਗਟ ਕੀਤਾ ਹੈ ਕਿ ਕਿਸ ਤਰਾਂ ਇਨ੍ਹਾਂ ਬਿੰਬਾਂ ਦੇ ਵਿਚਕਾਰ ਆਪਸੀ ਵਿਰੋਧ ਹੈ, ਜਿਸ ਕਰਕੇ ਟਕਰਾਵ ਖੜੇ ਹੁੰਦੇ ਹਨ ਅਤੇ ਫੇਰ ਇਨ੍ਹਾਂ ਤੋਂ ਕੁਝ ਹਾਸਿਲ ਹੁੰਦਾ ਨਾ ਦੇਖ ਕੇ ਨਿਰਾਸ਼ਾ ਉਭਰਦੀ ਹੈ ਅਤੇ ਫੇਰ ਉਸ ਤੋਂ ਭੱਜਣ ਦੀ ਕੋਸ਼ਿਸ਼। ਬੜੇ ਧੀਰਜ ਤੇ ਸਾਵਧਾਨੀ ਭਰੀ ਸਜਗਤਾ ਹੀ ਇਹਨਾਂ ਤਥਾਂ ਨੂੰ ਉਘਾੜਦੀ ਹੈ ਤੇ ਫੇਰ ਹੀ ਇਹ ਬੋਧ ਜਾਗਦਾ ਹੈ ਕਿ ਟਾ ਹੀ ਦ੍ਰਿਸ਼ ਹੈ। ਤੇ ਇਹ ਬੋਧ ਅੰਦਰ ਬੈਠੀ ਕਿਸੇ ਅਖੌਤੀ ਉੱਚੀ ਸੱਤਾ ਨੂੰ ਨਹੀਂ ਹੁੰਦਾ, ਕਿਸੇ ਆਤਮਾ ਨੂੰ ਨਹੀਂ ਹੁੰਦਾ (ਉੱਚੀ ਸੱਤਾ ਜਾਂ ਆਤਮਾ ਵਗੈਰਹ ਸਬ ਸਾਡੇ ਅਵਿਸ਼ਕਾਰ ਹਨ, ਸਿਰਫ ਕਲਪਨਾਵਾਂ, ਇਹ ਵੀ ਮਨ ਦੇ ਬਣਾਏ ਬਿੰਬ ਹੀ ਹਨ) ਸਗੋਂ ਇਹ ਬੋਧ ਹੀ ਹੈ ਜਿਸ ਨੇ ਉਜਾਗਰ ਕੀਤਾ ਹੈ ਕਿ ਦ੍ਰਿਸ਼ਟਾ ਹੀ ਦਿ ਸ਼ ਹੈ।

ਜੇ ਤੁਸੀਂ ਆਪਣੇ ਆਪ ਨੂੰ ਕੁਝ ਪੁੱਛਦੇ ਹੋ ਤਾਂ ਉਹ ਕਿਹੜੀ ਸੱਤਾ ਹੈ, ਜਿਸ ਨੂੰ ਜਵਾਬ ਚਾਹੀਦਾ ਹੈ ? ਤੇ ਉਹ ਕੌਣ ਹੈ ਜੋ ਜਵਾਬ ਲੱਭਦਾ ਹੈ ? ਜੇ ਇਹ ਸੱਤਾ ਚੇਤਨਾ ਦਾ ਹੀ ਇਕ ਹਿੱਸਾ ਹੈ, ਵਿਚਾਰ ਦਾ ਹੀ ਇਕ ਅੰਸ਼ ਹੈ, ਫੇਰ ਤੇ ਇਹ ਖੋਜ ਕਰ ਹੀ ਨਹੀਂ ਸਕਦੀ। ਜੋ ਖੋਜ ਕਰ ਸਕਦੀ ਹੈ ਉਹ ਸਜਗਤਾ ਦੀ ਹਾਲਤ ਹੈ। ਪਰ ਜੋ ਸਜਗਤਾ ਦੀ ਹਾਲਤ ਵਿਚ ਵੀ ਇਕ ਸੱਤਾ ਬਣੀ ਰਹਿੰਦੀ ਹੈ ਜੋ ਕਹਿੰਦੀ ਹੈ ਕਿ ਮੈਨੂੰ ਸਜਗ ਹੋਣਾ ਚਾਹੀਦਾ ਹੈ, ਮੈਨੂੰ ਸਜਗਤਾ ਦਾ ਅਭਿਆਸ ਕਰਨਾ ਚਾਹੀਦਾ ਹੈ ਤਾਂ ਫੇਰ ਉਹ ਇਕ ਹੋਰ ਬਿੰਬ ਹੀ ਹੋਵੇਗਾ।

ਇਹ ਸਜਗਤਾ ਕਿ ਦ੍ਰਿਸ਼ਟਾਂ ਹੀ ਦ੍ਰਿਸ਼ ਹੈ, ਦ੍ਰਿਸ਼ ਨਾਲ ਇਕਮਿਕਤਾ ਨਹੀਂ ਹੈ। ਆਪਣੇ ਆਪ ਨੂੰ ਕਿਸੇ ਚੀਜ਼ ਨਾਲ ਇਕਮਿਕ ਕਰ ਲੈਣਾ ਕਾਫੀ ਅਸਾਨ ਹੈ। ਸਾਡੇ 'ਚੋਂ ਜਿਆਦਾਤਰ ਲੋਕ ਆਪਣੀ ਇਕਮਿਕਤਾ ਤੇ ਪਹਿਚਾਣ ਕਿਸੇ ਨਾ ਕਿਸੇ ਚੀਜ ਨਾਲ ਜੋੜਦੇ ਹਨ—ਪਰਿਵਾਰ ਨਾਲ, ਪਤੀ ਜਾਂ ਪਤਨੀ ਨਾਲ, ਦੇਸ਼ ਨਾਲ—ਸਾਰੀਆਂ ਮੁਸੀਬਤਾਂ ਤੇ ਜੰਗਾਂ ਉਸੀ ਦਾ ਨਤੀਜਾ ਹਨ।ਪਰ ਇਥੇ ਅਸੀਂ ਬਿਲਕੁਲ ਅਲੱਗ ਚੀਜ਼ ਤੇ ਵਿਚਾਰ ਕਰਨ ਜਾ ਰਹੇ ਹਾਂ, ਸਿਰਫ ਸ਼ਾਬਦਿਕ ਰੂਪ 'ਚ ਨਹੀਂ ਸਗੋਂ ਗਹਿਰਾਈ ਵਿਚ, ਧੁਰ ਅੰਦਰ ਤਕ। ਪ੍ਰਾਚੀਨ ਚੀਨ ਵਿਚ ਕਲਾਕਾਰ ਚਿੱਤਰ ਬਨਾਉਣ ਤੋਂ ਪਹਿਲਾਂ ਇਕ ਅਜੀਬ ਪ੍ਰਯੋਗ ਵਿਚੋਂ ਲੰਘਦਾ ਸੀ। ਜੇ ਕਿਸੇ ਕਲਾਕਾਰ ਨੇ ਬਿਰਖ ਦਾ ਚਿੱਤਰ ਬਨਾਉਣਾ ਹੁੰਦਾ ਤਾਂ ਉਹ ਪਹਿਲਾਂ ਕਿਸੇ ਬਿਰਖ ਦੇ ਸਾਹਮਣੇ ਜਾ ਬੈਠਦਾ-ਦਿਨਾਂ, ਮਹੀਨਿਆਂ ਸਾਲਾਂ ਤਾਈਂ। ਜਿਨਾਂ ਚਿਰ ਮਰਜੀ ਲੱਗ ਜਾਏ, ਉਹ ਬੈਠਾ ਰਹੇਗਾ, ਜਿਨਾਂ ਚਿਰ ਉਹ ਉਸ ਬਿਰਖ ਨਾਲ ਇਕਮਿਕ ਨਹੀਂ ਹੋ ਜਾਂਦਾ—ਆਪ ਹੀ ਬ੍ਰਿਖ ਹੋ ਜਾਂਦਾ। ਇਸ ਦਾ ਅਰਥ ਹੈ ਕਿ ਬਿਰਖ ਤੇ ਉਸ ਵਿਚ ਕੋਈ ਅੰਤਰਾਲ ਨਹੀਂ ਰਹਿ ਜਾਂਦਾ ਸੀ ਅਰਥਾਤ ਦ੍ਰਿਸ਼ਟਾ ਅਤੇ ਦ੍ਰਿਸ਼ ਦੇ ਵਿਚ ਦੀ ਦੂਰੀ ਨਹੀਂ ਬਚਦੀ ਸੀ।ਅਨੁਭਵ ਕਰਨ ਵਾਲਾ ਨਹੀਂ ਬਚਦਾ ਸੀ ਜੋ ਬਿਰਖ ਦੀ ਸੁੰਦਰਤਾ ਦਾ, ਹਵਾ ਵਿਚ ਝੂਮਦੀ ਡਾਲੀਆਂ ਦਾ, ਸੂਰਜ ਦੀਆਂ ਕਿਰਣਾਂ ਨਾਲ ਚਮਕਦੀਆਂ ਪੱਤੀਆਂ ਦੇ ਰੰਗਾਂ ਦਾ ਅਨੁਭਵ ਕਰਦਾ, ਕਿਉਂਕਿ ਕਲਾਕਾਰ ਖੁਦ ਬਿਰਖ ਹੋ ਜਾਂਦਾ ਸੀ ਤੇ ਏਸੇ ਹਾਲਤ ਵਿਚ ਜਨਮ ਲੈਂਦੀ ਸੀ, ਉਸ ਦੀ ਜਿਊਂਦੀ ਜਾਗਦੀ ਚਿੱਤਰਕਲਾ।

ਦ੍ਰਿਸ਼ਟਾ ਹੀ ਦ੍ਰਿਸ਼ ਹੈ, ਜੇ ਇਹ ਬੋਧ ਅਜੇ ਤੱਕ ਨਹੀਂ ਹੋਇਆ ਤਾਂ ਦ੍ਰਿਸ਼ਟਾ ਵਲੋਂ ਕੀਤੀ ਗਈ ਕੋਈ ਵੀ ਹਰਕਤ ਬਿੰਬਾਂ ਦੀ ਨਵੀਂ ਲੜੀ ਨੂੰ ਹੀ ਪੈਦਾ ਕਰਦੀ ਹੈ ਜਿਸ ਵਿਚ ਉਹ ਮੁੜ ਉਲਝ ਜਾਂਦਾ ਹੈ ? ਪਰ ਜੇ ਦ੍ਰਿਸ਼ਟਾ ਨੂੰ ਇਹ ਸਪਸ਼ਟ ਬੋਧ ਹੈ ਕਿ ਦ੍ਰਿਸ਼ਟਾ ਹੀ ਦ੍ਰਿਸ਼ ਹੈ ਤਾਂ ਕੀ ਹੁੰਦਾ ਹੈ ? ਇਸ ਸੁਆਲ ਵਿਚ ਤੁਸੀਂ ਹੌਲੀ-ਹੌਲੀ ਉਤਰੋ ਕਿਉਂਕਿ ਇਹ ਇਕ ਬਹੁਤ ਹੀ ਗੁੰਝਲਦਾਰ ਤੇ ਗੂੜ ਮਾਮਲਾ ਹੈ ਜਿਸ ਦੀ ਅਸੀਂ ਛਾਣਬੀਨ ਕਰਨ ਲੱਗੇ ਹਾਂ। ਇਕ ਵਾਰ ਮੁੜ ਤੋਂ ਸੋਚੋ, ਕੀ ਹੁੰਦਾ ਹੈ ? ਦ੍ਰਿਸ਼ਟਾ ਆਪਣੇ ਸਬ ਕਿਰਿਆ-ਕਲਾਪ ਬੰਦ ਕਰ ਦਿੰਦਾ ਹੈ। ਹੁਣ ਤੱਕ ਦ੍ਰਿਸ਼ਟਾ ਇਹੀ ਸੋਚਦਾ ਰਿਹਾ ਹੈ ਕਿ ਮੈਨੂੰ ਇਨ੍ਹਾਂ ਬਿੰਬਾਂ ਦੇ ਸਬੰਧ ਵਿਚ ਕੁਝ ਨਾ ਕੁਝ ਜ਼ਰੂਰ ਕਰਨਾ ਚਾਹੀਦਾ ਹੈ। ਮੈਂ ਜਾਂ ਤੇ ਉਨ੍ਹਾਂ ਨੂੰ ਦਬਾ ਦੇਵਾਂਗਾ ਜਾਂ ਉਨ੍ਹਾਂ ਦਾ ਰੰਗ ਰੂਪ ਬਦਲ ਦੇਵਾਂਗਾ। ਯਾਨੀ ਕਿ ਅਜੇ ਤੱਕ ਦ੍ਰਿਸ਼ਟਾ ਦ੍ਰਿਸ਼ ਦੇ ਸਬੰਧ ਵਿਚ ਕਿਰਿਆਸ਼ੀਲ ਰਿਹਾ ਹੈ।ਉਹ ਉਸ 'ਤੇ ਕ੍ਰਿਆ ਤੇ ਪ੍ਰਤਿਕਿਰਿਆ ਕਰਦਾ ਰਿਹਾ ਹੈ। ਕਦੀ ਸ਼ਾਂਤ ਹੋ ਕੇ, ਕਦੀ ਜੋਸ਼ੀਲੇ ਢੰਗ ਨਾਲ ? ਪਰ ਦ੍ਰਿਸ਼ਟਾਂ ਵਲੋਂ ਲਿਆ ਗਿਆ ਪਸੰਦਗੀ ਤੇ ਨਾ-ਪਸੰਦਗੀ ਦਾ ਕੋਈ ਵੀ ਕਦਮ ਹੀ ਉਹਦੀ ਸਰਗਰਮੀ ਕਹਾਉਂਦਾ ਹੈ। ਮੈਨੂੰ ਇਹ ਪਸੰਦ ਹੈ, ਇਸਲਈ ਇਸ ਨੂੰ ਮੈਂ ਕੋਲ ਰੱਖਾਂਗਾ, ਇਹ ਮੈਨੂੰ ਬਿਲਕੁਲ ਪਸੰਦ ਨਹੀਂ, ਇਸਲਈ ਇਸ ਤੋਂ ਮੈਂ ਪਿੱਛਾ ਛੁਡਾਉਣਾ ਹੈ। ਪਰ ਜਦ ਦ੍ਰਿਸ਼ਟਾ ਸਮਝ ਲੈਂਦਾ ਹੈ, ਕਿ ਜਿਸ 'ਤੇ ਉਸ ਦੀ ਸਾਰੀ ਊਰਜਾ ਲੱਗੀ ਹੋਈ ਹੈ ਉਹ ਤੇ ਉਹ ਖੁਦ ਹੀ ਹੈ ਅਤੇ ਤਾਂ ਤੁਰੰਤ ਦ੍ਰਿਸ਼ਟਾ ਤੇ ਦ੍ਰਿਸ਼ ਦਾ ਟਕਰਾਵ ਖਤਮ ਹੋ ਜਾਂਦਾ ਹੈ। ਫੇਰ ਉਹ ਆਪ ਓਹੋ ਹੈ, ਉਹ ਉਸ ਤੋਂ ਵੱਖ ਨਹੀਂ। ਜਦ ਤਕ ਉਸ ਨੇ ਆਪਣੇ ਆਪ ਨੂੰ ਇਸ ਤੋਂ ਵੱਖ ਮਨ ਕੇ ਰਖਿਆ ਸੀ, ਤਾਂ ਉਸ ਨੇ ਇਸ ਸਬੰਧ ਵਿਚ ਕਈ ਕੁਝ ਕਰਨ ਦੀ ਕੋਸ਼ਿਸ਼ ਕੀਤੀ ਸੀ। ਪਰ ਜਦੋਂ ਦ੍ਰਿਸ਼ਟੀ ਨੂੰ ਪਤਾ ਲਗਿਆ ਕਿ ਉਹ ਆਪ ਹੀ ਉਹੋ ਹੈ ਤਾਂ ਉਸ ਦੀ ਪਸੰਦ ਤੇ ਨਾਪਸੰਦ ਜਾਂਦੀ ਰਹੀ ਤੇ ਇਸ ਤਰ੍ਹਾਂ ਸਾਰਾ ਸੰਘਰਸ਼ ਤੇ ਤਨਾਓ ਵੀ ਸਮਾਪਤ ਹੋ ਗਿਆ।

ਹੁਣ ਕਰਨ ਨੂੰ ਬਚਦਾ ਹੀ ਕੀ ਹੈ ? ਜੇ ਤੁਸੀਂ ਖੁਦ ਉਹ ਹੀ ਹੋ ਤਾਂ ਤੁਸੀਂ ਕਰ ਹੀ ਕੀ ਸਕਦੇ ਹੋ ? ਤੁਸੀਂ ਨਾ ਤੇ ਇਸ ਤੋਂ ਬਾਗੀ ਹੋ ਸਕਦੇ ਹੋ, ਨਾ ਇਸ ਤੋਂ ਭੱਜ ਸਕਦੇ ਹੋ। ਇਥੋਂ ਤੱਕ ਕਿ ਤੁਸੀਂ ਇਸ ਨੂੰ ਸਵੀਕਾਰ ਵੀ ਨਹੀਂ ਕਰ ਸਕਦੇ, ਇਹ ਤਾਂ ਹੈ ਹੀ ਉਥੇ। ਸੋ ਪਸੰਦ ਤੇ ਨਾ- ਪਸੰਦ ਤੋਂ ਉਪਜੀਆਂ ਸਾਰੀਆਂ ਕਿਰਿਆਵਾਂ ਦਾ ਆਪਣੇ ਆਪ ਅੰਤ ਹੋ ਜਾਂਦਾ ਹੈ।

ਫੇਰ ਤੁਸੀਂ ਦੇਖੋਗੇ ਕਿ ਇਕ ਅਜਿਹੀ ਸਜਗਤਾ ਹੈ ਜੋ ਪ੍ਰਚੰਡ ਰੂਪ 'ਚ ਜੀਵੰਤ ਹੈ। ਇਹ ਕਿਸੇ ਮੁੱਦੇ 'ਤੇ ਜਾਂ ਬਿੰਬ ਨਾਲ ਨਹੀਂ ਬੱਝੀ ਹੋਈ। ਸਜਗਤਾ ਦੀ ਇਸ ਤੀਬਰਤਾ ਤੇ ਗਹਿਣਤਾ ਤੋਂ ਇਕ ਵਖਰੀ ਤਰ੍ਹਾਂ ਦਾ ਹੋਸ਼ ਪੈਦਾ ਹੁੰਦਾ ਹੈ। ਕਿਉਂਕਿ ਹੁਣ ਮਨ ਹੀ ਉਹ ਸਜਗਤਾ ਹੈ, ਇਸਲਈ ਫੇਰ ਮਨ ਬੇਹਦ ਸੰਵੇਦਨਸ਼ੀਲ ਹੋ ਜਾਂਦਾ ਹੈ, ਗਿਆ ਤੇ ਸਿਆਣਪ ਨਾਲ ਭਰ ਜਾਂਦਾ ਹੈ।




mortgages lab
ਕਿਸੇ ਵੀ ਤਰ੍ਹਾਂ ਦੀ ਮੌਰਗੇਜ
ਲੈਣ ਲਈ ਸੰਪਰਕ ਕਰੋ
Rate hold from 6 months to 1 year
Get Preapproval In 2 Hours
• ਪਹਿਲੀ ਵਾਰ ਘਰ ਖਰੀਦੋ ਦੇ 5% down purchase ਨਾਲ
• ਖਰੀਦਣਾ, ਰਿਫਾਇਨਾਂਸ ਅਤੇ ਸਵਿੱਚ
• ਰੈਜ਼ੀਡੈਂਸ਼ਿਅਲ, ਕਮਰਸ਼ਿਅਲ ਅਤੇ ਲੈਂਡ ਮੌਰਗੇਜ
HARPREET SINGH
Mortgage Broker
Ph: 778.558.9745
harpreetfunding@gmail.com
@harpreetfunding
@HARPREETFUNDING
Licensed professional mortgage broker


TRANSource
FREIGHTWAYS
ਕੰਮ ਲਈ Drivers and
Owner Operators ਚਾਹੀਦੇ ਹਨ।
ਬੀ ਸੀ ਤੋਂ ਅਲਬਰਟਾ ਅਤੇ
ਅਲਬਰਟਾ ਤੋਂ ਬੀ ਸੀ
ਟਰਾਂਸ ਸੋਰਸ ਨਾਲ ਸਾਰਾ ਦਿਨ ਕੰਮ ਕਰਕੇ ਤੁਸੀਂ ਸ਼ਾਮ ਨੂੰ ਆਪਣੇ ਪਰਿਵਾਰ ਅਤੇ ਬਚਿਆਂ ਨਾਲ ਕੀਮਤੀ ਸਮਾਂ ਬਿਤਾ ਸਕਦੇ ਹੋ।
BC - ALBERTA
ALBERTA - BC
Fuel and Insurance Paid by Company
NO DEDUCTIONS!!
ਸਾਡੀ ਕੰਪਨੀ
ਓਨਰ ਓਪਰੇਟਰਾਂ ਨੂੰ
ਲੋਕਲ ਅਤੇ ਹਾਈਵੇਅ ਰੂਟਾਂ
ਵਾਸਤੇ ਹਾਇਰ ਕਰ ਰਹੀ ਹੈ
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ
SUKHBIR SINGH:604-525-0527 Ext 112
ਸੋਮਵਾਰ ਤੋਂ ਸ਼ੁੱਕਰਵਾਰ ਸਵੇਰ 9 ਵਜੇ ਤੋਂ ਸ਼ਾਮ 5 ਵਜੇ ਤੱਕ
ਸ਼ਨੀਵਾਰ: 604-808-9805
Email:safety@transourcefreightways.com



ਵਧੀਆ
ਸੇਵਾਵਾਂ ਦੇ ਨਾਲ
ਆਪਣੇ ਘਰ ਨੂੰ
ਸੁਰੱਖਿਅਤ ਰੱਖੋ
COMPLETE
PEST
CONTROL
ਅਸੀਂ ਹੇਠ ਲਿਖੀਆਂ
ਸੇਵਾਵਾਂ ਵਿੱਚ ਮਾਹਿਰ ਹਾਂ:
• ਕੀੜੀਆਂ
• ਬੈੱਡ ਬੱਗ ਕੰਟਰੋਲ
• ਪੰਛੀ ਨਿਯੰਤਰਣ
• ਮਧੂ-ਮੱਖੀਆਂ, ਮੱਖੀਆਂ ਅਤੇ ਹੌਰਨੇਟਸ
• ਕਾਕਰੋਚ
• ਫਲੀਜ਼ ਅਤੇ ਟਿੱਕਸ
• ਰਕੂਨ ਅਤੇ ਗਿਲਹਿਰਿਆਂ
• ਚੂਹਿਆਂ ਤੋਂ ਬਚਾਅ
• ਮੱਕੜੀਆਂ ਤੋਂ ਬਚਾਅ
• ਜੰਗਲੀ ਜੀਵਾਂ ਤੋਂ ਬਚਾਅ
Pressure Sprayer
ਅਮਨਪ੍ਰੀਤ ਸਿੰਘ
Certified Service Specialist
E-mail: completepestcontrol786@gmail.com
Ph: 778-970-5786

SunFlex

# SunFlex Windows & Doors Renovation Ltd.

## ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਉਤਸਵ ਦੀਆਂ ਸਮੂਹ ਸੰਗਤਾਂ ਨੂੰ ਲੱਖ ਲੱਖ ਵਧਾਈਆਂ !

**ਘਰਾਂ ਅਤੇ ਕਮਰਸ਼ੀਅਲ ਸਾਈਟਸ ਵਾਸਤੇ ਹਰ ਤਰ੍ਹਾਂ ਦੇ ਡੋਰਾਂ, ਵਿੰਡੋ, ਵਿੰਡੋ ਸਕਰੀਨਾਂ, ਸਨਰੂਮ ਅਤੇ ਡੈਕਰੂਮ ਲਗਵਾਉਣ ਲਈ ਆਕਰਸ਼ਕ ਰੇਂਜ ਅਤੇ ਵਾਜਿਬ ਕੀਮਤਾਂ**






- For all kind of windows, doors & window screens
- Large Range to Pick
- Attractive Best Prices
- Insulation against noise, dust, rain, pollution & rising energy costs.

**Contact:778-712-2300,604-358-0023**

www.sunflexwindows.com sunflexwindows25@gmail.com

# ਪੈਟ੍ਰਿਕ ਬ੍ਰਾਊਨ ਨੇ 2024 ਲਈ ਪੇਸ਼ ਕੀਤਾ ਪ੍ਰਸਤਾਵਿਤ ਬਜਟ

ਬਰੈਂਪਟਨ-ਸਿਟੀ ਆਫ ਬਰੈਂਪਟਨ ਦੇ ਮੇਅਰ ਪੈਟ੍ਰਿਕ ਬ੍ਰਾਊਨ ਵੱਲੋਂ ਸਟਰਾਂਗ ਮੇਅਰਜ਼, ਬਿਲਡਿੰਗ ਹੋਮਜ਼ ਐਕਟ, 2022 ਤਹਿਤ ਆਪਣਾ ਪਹਿਲਾ ਬਜਟ ਪੇਸ਼ ਕੀਤਾ ਗਿਆ। ਬਿਲਡਿੰਗ ਦ ਬਰੈਂਪਟਨ ਐਡਵਾਂਟੇਜ ਸਿਰਲੇਖ ਹੇਠ ਪੇਸ਼ ਕੀਤੇ ਗਏ ਇਸ ਬਜਟ ਵਿੱਚ ਪਬਲਿਕ ਟਰਾਂਜ਼ਿਟ, ਹੈਲਥ ਕੇਅਰ, ਮਨੋਰੰਜਨ, ਐਨਵਾਇਰਮੈਂਟ, ਸੜਕਾਂ ਤੇ ਇਨਫਰਾਸਟ੍ਰਕਚਰ ਦੇ ਨਾਲ ਨਾਲ ਕਮਿਊਨਿਟੀ ਸੇਫਟੀ ਵਿੱਚ ਨਿਵੇਸ਼ ਉੱਤੇ ਬਹੁਤਾ ਧਿਆਨ ਕੇਂਦਰਿਤ ਕੀਤਾ ਗਿਆ ਹੈ।ਹਰ ਸਾਲ ਸਾਲਾਨਾ ਬਜਟ ਵਿੱਚ ਉਨ੍ਹਾਂ ਤਰਜੀਹਾਂ, ਟੀਚਿਆਂ ਤੇ ਪਹਿਲਕਦਮੀਆਂ ਦੀ ਗੱਲ ਕੀਤੀ ਜਾਂਦੀ ਹੈ ਜਿਨ੍ਹਾਂ ਵਿੱਚ ਸਿਟੀ ਨਿਵੇਸ਼ ਕਰਨਾ ਚਾਹੁੰਦੀ ਹੈ।



ਇਸ ਬਜਟ ਉੱਤੇ ਪਬਲਿਕ ਡੈਲੀਗੇਸ਼ਨ ਤੇ ਕਾਊਂਸਲ ਦਰਮਿਆਨ ਵਿਚਾਰ ਵਟਾਂਦਰਾ 5 ਦਸੰਬਰ ਤੋਂ ਸ਼ੁਰੂ ਹੋਵੇਗਾ। ਸਿਟੀ ਵੱਲੋਂ 1.9 ਫੀ ਸਦੀ ਦੇ ਹਿਸਾਬ ਨਾਲ ਪ੍ਰਸਤਾਵਿਤ ਟੈਕਸ ਵਾਧਾ ਟੈਕਸ ਬਿੱਲ ਦੇ ਸਿਟੀ ਵਾਲੇ ਹਿੱਸੇ ਲਈ ਰੱਖਿਆ ਗਿਆ ਹੈ, ਜਿਹੜਾ ਸਤੰਬਰ 2023 ਦੀ ਮਹਿਗਾਈ ਦਰ (3.8 ਫੀ ਸਦੀ) ਤੋਂ ਹੇਠਾਂ ਹੈ। ਸਿਟੀ ਦੀਆਂ ਬੱਸਾਂ, ਸੜਕਾਂ, ਮਨੋਰੰਜਨ ਵਾਲੇ ਸੈਂਟਰਜ਼, ਪਬਲਿਕ ਸਪੇਸਿਜ਼ ਤੇ ਹੋਰ ਇਨਫਰਾਸਟ੍ਰਕਚਰ ਨੂੰ ਮੇਨਟੇਨ ਕਰਨ ਲਈ 139 ਮਿਲੀਅਨ ਡਾਲਰ ਰੱਖੇ ਗਏ ਹਨ। 913 ਮਿਲੀਅਨ ਡਾਲਰ ਦਾ ਆਪਰੇਟਿੰਗ ਬਜਟ ਤੇ 544 ਮਿਲੀਅਨ ਡਾਲਰ ਦਾ ਕੈਪੀਟਲ ਬਜਟ ਰੱਖਿਆ ਗਿਆ ਹੈ ਜੋ ਕੁੱਲ ਮਿਲਾ ਕੇ 1.5 ਬਿਲੀਅਨ ਡਾਲਰ ਬਣਦਾ ਹੈ। ਹੈਲਥ ਕੇਅਰ ਲਈ ਸਿਟੀ ਨੇ ਪਹਿਲਾਂ ਹੀ 74 ਮਿਲੀਅਨ ਡਾਲਰ ਤੋਂ ਵੱਧ ਫੰਡ ਰਾਖਵੇਂ ਰੱਖੇ ਹੋਏ ਹਨ ਤੇ ਸਿਟੀ ਦਾ ਲੋਕਲ ਸ਼ੇਅਰ 125 ਮਿਲੀਅਨ ਡਾਲਰ ਬਣਦਾ ਹੈ। ਬਰੈਂਪਟਨ ਵਿੱਚ ਦੂਜਾ ਹਸਪਤਾਲ ਬਣਾਉਣ ਤੇ ਨਵਾਂ ਕੈਂਸਰ ਕੇਅਰ ਸੈਂਟਰ ਕਾਇਮ ਕਰਨ ਲਈ ਇੱਕ ਫੀ ਸਦੀ ਹਾਸਪਿਟਲ ਲੇਵੀ ਜਾਰੀ ਰੱਖੀ ਜਾਵੇਗੀ। ਇਸ ਦੇ ਨਾਲ ਹੀ ਨਵੇਂ ਮੈਡੀਕਲ ਸਕੂਲ ਦਾ ਸਮਰਥਨ ਵੀ ਕੀਤਾ ਜਾ ਰਿਹਾ ਹੈ। ਬੱਸਾਂ ਦੀ ਖਰੀਦ ਤੇ ਬੱਸਾਂ ਨੂੰ ਰੀਫਰਬਿਸ਼ ਕਰਨ ਉੱਤੇ 78.4 ਮਿਲੀਅਨ ਡਾਲਰ ਖਰਚੇ ਜਾਣਗੇ। ਬ੍ਰੈਮਲੀ ਰੋਡ ਕੌਰੀਡਰ ਉੱਤੇ ਬਰੈਂਪਟਨ ਟਰਾਂਜ਼ਿਟ ਜ਼ੂਮ ਸਰਵਿਸ ਦੇ ਪਸਾਰ ਲਈ 3.8 ਮਿਲੀਅਨ ਡਾਲਰ ਖਰਚੇ ਜਾਣਗੇ। ਇਸ ਦੇ ਨਾਲ ਹੀ ਰਿਵਰਵਾਕ ਫੇਜ਼ ਵੰਨ ਉੱਤੇ 87.3 ਮਿਲੀਅਨ ਡਾਲਰ, ਡਰੇਨੇਜ ਚੈਨਲ ਦੀ ਜਾਂਚ ਤੇ ਮੇਨਟੇਨੈਂਸ ਪ੍ਰੋਗਰਾਮ ਉੱਤੇ ਇੱਕ ਮਿਲੀਅਨ ਡਾਲਰ, ਇਰੋਜ਼ਨ ਕੰਟਰੋਲ ਤੇ ਸਟਰੀਮਬੈਂਕ ਸਟੇਬਲਾਈਜੇਸ਼ਨ ਉੱਤੇ 1 ਮਿਲੀਅਨ ਡਾਲਰ, ਐਨਰਜੀ ਐਫੀਸ਼ਿਐਂਸੀ ਪ੍ਰੋਗਰਾਮ ਉੱਤੇ 215,000 ਡਾਲਰ, ਕਮਿਊਨਿਟੀ ਗਾਰਡਨਜ਼ ਉੱਤੇ 100,000ਡਾਲਰ, ਚਿਗੁਆਕਸੀ ਪਾਰਕ ਨੂੰ ਅਪਗ੍ਰੇਡ ਕਰਨ ਉੱਤੇ 25000 ਡਾਲਰ ਤੇ ਸਟਰੌਮਵਾਟਰ ਕੈਪੀਟਲ ਮੂਵਮੈਂਟ ਉੱਤੇ 7.9 ਮਿਲੀਅਨ ਡਾਲਰ ਖਰਚੇ ਜਾਣਗੇ।




# ਪੁਲਿਸ ਨੇ ਕੀਤਾ ਗੱਡੀਆਂ ਚੋਰੀ ਕਰਨ ਵਾਲੇ ਗਿਰੋਹ ਦਾ ਪਰਦਾਫਾਸ਼, 12 ਨੂੰ ਕੀਤਾ ਗਿਆ ਚਾਰਜ

ਓਨਟਾਰੀਓ-ਪੀਲ ਰੀਜਨਲ ਪੁਲਿਸ ਦੇ ਜਾਂਚਕਾਰਾਂ ਦਾ ਕਹਿਣਾ ਹੈ ਕਿ ਉਨ੍ਹਾਂ ਵੱਲੋਂ ਗੱਡੀਆਂ ਚੋਰੀ ਕਰਨ ਵਾਲੇ ਇੱਕ ਗਿਰੋਹ ਦਾ ਪਰਦਾਫਾਸ਼ ਕੀਤਾ ਗਿਆ ਹੈ ਤੇ ਇਸ ਦੌਰਾਨ ਉਨ੍ਹਾਂ ਨੂੰ ਨੌਂ ਗੱਡੀਆਂ ਬਰਾਮਦ ਹੋਈਆਂ ਤੇ ਉਨ੍ਹਾਂ ਵੱਲੋਂ 81 ਚਾਰਜਿਜ਼ ਲਾਏ ਗਏ।ਮਹੀਨਾ ਭਰ ਚੱਲੀ ਇਸ ਜਾਂਚ ਨੂੰ ਪ੍ਰੋਜੈਕਟ ਮੈਮਫਿਸ ਦਾ ਨਾਂ ਦਿੱਤਾ ਗਿਆ। ਇਹ ਪ੍ਰੋਜੈਕਟ ਮਾਰਚ 2023 ਵਿੱਚ ਉਦੋਂ ਸ਼ੁਰੂ ਹੋਇਆ ਜਦੋਂ ਪੁਲਿਸ ਨੂੰ ਅਜਿਹੀ ਗੱਡੀ ਬਾਰੇ ਸੂਹ ਮਿਲੀ ਜਿਸ ਦਾ ਪਛਾਣ ਨੰਬਰ (ਵ੍ਹੀਕਲ ਆਈਡੈਂਟੀਫਿਕੇਸ਼ਨ ਨੰਬਰ-(ਵਿਨ) ਹੀ ਬਦਲ ਦਿੱਤਾ ਗਿਆ ਸੀ।ਇਹ ਵਿਨ ਉਸ ਸਮੇਂ ਬਦਲਿਆਂ ਜਾਂਦਾ ਹੈ ਜਦੋਂ ਇਹ ਲੁਕਾਉਣਾ ਹੋਵੇ ਕਿ ਗੱਡੀ ਚੋਰੀ ਦੀ ਹੈ। ਪੁਲਿਸ ਰਲੀਜ਼ ਵਿੱਚ ਆਖਿਆ ਗਿਆ ਕਿ ਅਧਿਕਾਰੀਆਂ ਨੂੰ ਪਤਾ ਲੱਗਿਆ ਕਿ ਕਈ ਚੋਰੀ ਦੀਆਂ ਗੱਡੀਆਂ ਦੇ ਵਿਨ ਬਦਲ ਦਿੱਤੇ ਗਏ ਹਨ, ਉਨ੍ਹਾਂ ਨੂੰ ਮੁੜ ਰਜਿਸਟਰ ਕਰਵਾਇਆ ਗਿਆ ਹੈ ਤੇ ਮਿਸੀਸਾਗਾ ਵਿੱਚ ਵੇਚਿਆ ਗਿਆ ਹੈ। ਕੁੱਝ ਮਾਮਲਿਆਂ ਵਿੱਚ ਤਾਂ ਮਸ਼ਕੂਕਾਂ ਨੇ ਕਈ ਵਿੱਤੀ ਅਦਾਰਿਆਂ ਤੇ ਇੰਸ਼ੋਰੈਂਸ ਕੰਪਨੀਆਂ ਨਾਲ ਵੀ ਧੋਖਾਧੜੀ ਕਰਨ ਦੀ ਕੋਸ਼ਿਸ਼ ਕੀਤੀ।ਮਸ਼ਕੂਕਾਂ ਦੀ ਪਛਾਣ ਕਰਨ ਲਈ ਕਈ ਢੰਗ ਤਰੀਕੇ ਵਰਤੇ ਗਏ ਤੇ ਚੋਰੀ ਦੀਆਂ ਗੱਡੀਆਂ ਬਰਾਮਦ ਕਰਨ ਦੇ ਨਾਲ ਨਾਲ ਇੰਸ਼ੋਰੈਂਸ ਫਰਾਡ ਨੂੰ ਵੀ ਰੋਕਿਆ ਗਿਆ।



ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਉਤਸਵ ਦੀਆਂ ਸਮੂਹ ਸੰਗਤਾਂ ਨੂੰ ਲੱਖ ਲੱਖ ਵਧਾਈਆਂ !

NAV WINDOWS & DOORS LTD



ਨਵੇਂ
ਘਰਾਂ ਅਤੇ
ਕਮਰਸ਼ੀਅਲ
ਸਾਈਟਸ ਵਾਸਤੇ
ਹਰ ਤਰ੍ਹਾਂ ਦੇ ਡੋਰਾਂ, ਵਿੰਡੋ,
ਵਿੰਡੋ ਸਕਰੀਨਾਂ, ਸਨਰੂਮ ਅਤੇ
ਡੈਕਰੂਮ ਲਗਵਾਉਣ ਲਈ
ਆਕਰਸ਼ਕ ਰੇਂਜ ਅਤੇ
ਵਾਜਿਬ ਕੀਮਤਾਂ

ਗੁਰਪੁਰਬ ਦੀਆਂ
ਬਹੁਤ-ਬਹੁਤ ਵਧਾਈਆਂ







*Qualtiy Products *Superior Service.

Phone:778-637-2500,604-372-0013

#101-102-17665-66A Ave, Surrey

E-mail: navwindows@gmail.com www.navwindows.com


# ਆਮ ਲੋਕ ਵੀ ਅਸਿੱਧੇ ਤਰੀਕੇ ਨਾਲ ਟੈਕਸ ਭਰਦੇ ਹਨ !



**ਡਾ. ਅਮਨਪ੍ਰੀਤ ਸਿੰਘ ਬਰਾੜ**
96537-90000

ਇਸ ਵੇਲੇ ਆਮ ਲੋਕਾਂ ਲਈ ਇਹ ਮਾਣ ਦੀ ਗੱਲ ਹੋਣੀ ਚਾਹੀਦੀ ਹੈ ਕਿ ਉਨ੍ਹਾਂ ਦਾ ਦੇਸ਼ ਦੁਨੀਆ ਭਰ ਦੇ ਵਿਸ਼ਾਲ ਅਰਥਚਾਰਿਆਂ ਵਿਚ ਪੰਜਵੇਂ ਸਥਾਨ 'ਤੇ ਪਹੁੰਚ ਗਿਆ ਹੈ। ਇਸ ਵੇਲੇ ਸਾਡੇ ਤੋਂ ਉੱਪਰ ਸਿਰਫ਼ ਅਮਰੀਕਾ, ਚੀਨ, ਜਰਮਨੀ ਅਤੇ ਜਾਪਾਨ ਹਨ। ਓਧਰ ਰੇਟਿੰਗ ਏਜੰਸੀ ਗੋਲਡਮੈਨ ਸੈਕ ਮੁਤਾਬਕ ਇਹ 2075 ਤਕ ਦੂਜੇ ਸਥਾਨ 'ਤੇ ਪਹੁੰਚ ਜਾਵੇਗਾ। ਇਸ ਵੇਲੇ ਸਾਡੀ ਜੀਡੀਪੀ 3.75 ਟ੍ਰਿਲੀਅਨ ਡਾਲਰ 'ਤੇ ਪਹੁੰਚ ਚੁੱਕੀ ਹੈ। ਇਹ ਅੰਕੜੇ ਪੜ੍ਹ ਕੇ ਸਕੂਨ ਆਉਂਦਾ ਹੈ। ਇਸ ਤਰ੍ਹਾਂ ਦੀਆਂ ਕਈ ਰਿਪੋਰਟਾਂ ਹੋਰ ਵੀ ਛਪੀਆਂ ਹਨ ਜਿਨ੍ਹਾਂ ਤਹਿਤ ਇਹ ਨਿਕਲ ਕੇ ਆਇਆ ਕਿ ਭਾਰਤ ਦੀ ਮੱਧ ਵਰਗ ਦੀ ਆਬਾਦੀ ਵਿਚ ਵਾਧਾ ਹੋਇਆ ਹੈ।

'ਆਈਸ' ਦੀ ਰਿਪੋਰਟ 360 ਸਰਵੇ ਮੁਤਾਬਕ 61 ਫ਼ੀਸਦੀ ਆਬਾਦੀ 2047 ਤਕ ਮੱਧ ਵਰਗ ਵਿਚ ਪਹੁੰਚ ਜਾਵੇਗੀ ਜੋ 2020-21 ਵਿਚ 31 ਫ਼ੀਸਦੀ ਸੀ। ਇਸ ਦਾ ਮਤਲਬ ਹੈ ਕਿ ਅਗਲੇ ਢਾਈ ਦਹਾਕੇ ਵਿਚ 6 ਤੋਂ 7 ਫ਼ੀਸਦੀ ਸਾਲਾਨਾ ਗਰੋਥ ਬਣੀ ਰਹੇਗੀ। ਰਿਪੋਰਟ ਮੁਤਾਬਕ 5 ਲੱਖ ਤੋਂ 30 ਲੱਖ ਸਾਲਾਨਾ ਕਮਾਉਣ ਵਾਲਾ ਘਰ ਮੱਧ ਵਰਗ ਵਿਚ ਆਉਂਦਾ ਹੈ। ਇਨ੍ਹਾਂ ਅੰਕੜਿਆਂ ਵਿਚ ਫ਼ਰਕ ਲੱਗਦਾ ਹੈ ਕਿਉਂਕਿ ਪਿਊ ਰਿਸਰਚ ਦੇ ਹਿਸਾਬ ਨਾਲ ਕੋਰੋਨਾ ਮਹਾਮਾਰੀ ਤੋਂ ਬਾਅਦ 32 ਮਿਲੀਅਨ ਲੋਕ ਮੱਧ ਵਰਗ ਵਿੱਚੋਂ ਨਿਕਲ ਗਏ ਹਨ। ਜੋ ਅੰਕੜਾ ਪਹਿਲਾਂ 99 ਮਿਲੀਅਨ ਦਾ ਸੀ ਉਹ ਘਟ ਕੇ 66 ਮਿਲੀਅਨ ਰਹਿ ਗਿਆ। ਇਨ੍ਹਾਂ ਮੁਤਾਬਕ ਜੋ ਆਦਮੀ ਰੋਜ਼ ਦਾ 10 ਤੋਂ 20 ਡਾਲਰ (800-1600 ਰੁਪਏ) ਕਮਾਉਂਦੇ ਹਨ, ਉਹ ਮੱਧ ਵਰਗੀ ਹਨ। ਇਸ 'ਤੇ ਪਰਾਈਸ ਦਾ ਕਹਿਣਾ ਹੈ ਕਿ 2020-21 ਵਿਚ 432 ਮਿਲੀਅਨ ਲੋਕ ਮੱਧ ਵਰਗ ਵਿਚ ਸਨ। ਇਹ ਸੰਖਿਆ 2030-31 ਤਕ 715 ਮਿਲੀਅਨ ਅਤੇ 2047 ਤਕ 0.02 ਬਿਲੀਅਨ 'ਤੇ ਪਹੁੰਚ ਜਾਵੇਗੀ। ਇਨ੍ਹਾਂ ਅੰਕੜਿਆਂ ਨੂੰ ਜਿੰਨਾ ਘੋਖਦੇ ਹਾਂ ਓਨਾ ਹੀ ਉੱਪਰੋਂ ਠੀਕ ਦਿਖਣ ਵਾਲੀਆਂ ਚੀਜ਼ਾਂ 'ਤੇ ਸਵਾਲੀਆ ਚਿੰਨ੍ਹ ਖੜ੍ਹੇ ਹੋ ਜਾਂਦੇ ਹਨ। ਇਸ ਵਿਚ ਪ੍ਰਮੁੱਖ ਹਨ ਕਿ ਮੱਧ ਵਰਗ ਵਧ ਰਿਹਾ ਹੈ ਪਰ ਟੈਕਸ ਦੇਣ ਵਾਲੇ ਉਸ ਹਿਸਾਬ ਨਾਲ ਨਹੀਂ ਵਧ ਰਹੇ। ਇਸੇ ਤਰ੍ਹਾਂ ਜੀਡੀਪੀ ਦਾ ਵਾਧਾ ਬੇਰੁਜ਼ਗਾਰੀ ਘਟਾਉਂਦਾ ਨਜ਼ਰ ਨਹੀਂ ਆਉਂਦਾ। ਆਮ ਲੋਕਾਂ ਦੇ ਰਹਿਣ-ਸਹਿਣ 'ਚ ਉਛਾਲ ਨਜ਼ਰ ਵੀ ਨਹੀਂ ਆਉਂਦਾ ਹੈ। ਸਾਡੀ ਬੇਰੁਜ਼ਗਾਰੀ ਦਰ ਸਾਡੇ ਕਾਬੂ ਵਿਚ ਨਹੀਂ ਆ ਰਹੀ। ਅੱਜ ਵੀ ਭਾਰਤ ਦੀ ਬੇਰੁਜ਼ਗਾਰੀ ਦਰ 7.5 ਤੋਂ 8 ਪ੍ਰਤੀਸ਼ਤ ਵਿਚਾਲੇ ਚੱਲ ਰਹੀ ਹੈ। ਇਸ ਦੇ ਹੋਰ ਵਧਣ ਦੀ ਸੰਭਾਵਨਾ ਹੈ। ਸਰਕਾਰ ਨੇ ਪੂਰਾ ਜ਼ੋਰ ਲਾ ਕੇ ਆਪਣੇ ਵੱਲੋਂ ਉਦਯੋਗਾਂ ਨੂੰ ਵੱਡੇ ਪੱਧਰ 'ਤੇ ਸਬਸਿਡੀਆਂ ਅਤੇ ਪ੍ਰੋਡਕਸ਼ਨ ਲਿੰਕਡ ਇੰਸੈਂਟਿਵ ਵੀ ਦਿੱਤੇ ਅਤੇ ਹੋਰ ਵੀ ਦਿੱਤੇ ਜਾ ਰਹੇ ਹਨ ਪਰ ਇਨ੍ਹਾਂ ਵਿਚ ਪ੍ਰੋਡਕਸ਼ਨ ਵਧ ਨਹੀਂ ਰਹੀ ਸਗੋਂ ਘਟ ਰਹੀ ਹੈ ਚਾਹੇ ਉਹ ਲੋਕਲ ਖਪਤ ਘਟਣ ਕਰਕੇ ਹੋਵੇ ਜਾਂ ਦੁਨੀਆ ਭਰ ਵਿਚ ਰਿਸੈਸ਼ਨ ਕਾਰਨ।




ਕਹਿਣ ਦਾ ਭਾਵ ਇਹ ਹੈ ਕਿ ਜੇ ਪ੍ਰੋਡਕਸ਼ਨ ਘਟੇਗੀ ਤਾਂ ਰੁਜ਼ਗਾਰ ਨਹੀਂ ਵਧੇਗਾ, ਉਹ ਘਟੇਗਾ। ਜਿਨ੍ਹਾਂ ਫਰਮਾਂ ਦੀ ਗਰੋਥ ਹੈ, ਉਹ ਬਹੁਤੀਆਂ ਵੱਡੀਆਂ ਕੰਪਨੀਆਂ ਹਨ ਜੋ ਆਟੋਮੇਸ਼ਨ ਮੋਡ 'ਤੇ ਚੱਲਦੀਆਂ ਹਨ। ਇਹੀ ਕੰਪਨੀਆਂ ਜੀਡੀਪੀ ਵਿਚ ਵਾਧਾ ਕਰਦੀਆਂ ਹਨ ਪਰ ਇਸ ਵਧੀ ਜੀਡੀਪੀ ਦਾ ਫ਼ਾਇਦਾ ਆਮ ਹੱਥਾਂ ਵਿਚ ਨਹੀਂ ਪਹੁੰਚ ਰਿਹਾ। ਪ੍ਰਾਈਸ ਦੀ ਰਿਪੋਰਟ ਦੇ ਹਿਸਾਬ ਨਾਲ 43.2 ਕਰੋੜ ਲੋਕ ਮੱਧ ਵਰਗ ਵਿਚ ਹਨ ਯਾਨੀ 5 ਤੋਂ 30 ਲੱਖ ਆਮਦਨ ਦੇ ਘੇਰੇ ਵਿਚ ਜਦਕਿ ਅਮੀਰ ਅਤੇ ਕਾਰਪੋਰੇਟ ਇਸ ਤੋਂ ਬਾਹਰ ਹਨ। ਸਰਕਾਰੀ ਅੰਕੜਿਆਂ ਦੇ ਹਿਸਾਬ ਨਾਲ 6.77 ਕਰੋੜ ਲੋਕਾਂ ਨੇ ਹੀ ਟੈਕਸ ਰਿਟਰਨਾਂ ਫਾਈਲ ਕੀਤੀਆਂ। ਇਨ੍ਹਾਂ ਵਿੱਚੋਂ ਕਾਫ਼ੀ ਜ਼ੀਰੋ ਇਨਕਮਟੈਕਸ ਵਾਲਿਆਂ ਦੀਆਂ ਹੁੰਦੀਆਂ ਹਨ। ਟੈਕਸ ਦੇਣ ਵਾਲਿਆਂ ਨੂੰ ਇਹ ਇਤਰਾਜ਼ ਹੈ ਕਿ 135 ਕਰੋੜ ਲੋਕ ਉਨ੍ਹਾਂ ਦੇ ਪੈਸੇ 'ਤੇ ਸਰਕਾਰੀ ਸੁੱਖ-ਸਹੂਲਤਾਂ ਮਾਣਦੇ ਹਨ। ਉਨ੍ਹਾਂ ਮੁਤਾਬਕ ਇਸੇ ਕਰਕੇ ਸਰਕਾਰ ਦੇ ਬਜਟ ਵਿਚ ਘਾਟਾ ਵਧ ਰਿਹਾ ਹੈ ਅਤੇ ਇਹ ਕਰਜ਼ਾ 155 ਲੱਖ ਕਰੋੜ 'ਤੇ ਪਹੁੰਚ ਗਿਆ ਅਤੇ ਸਰਕਾਰ 2023-24 ਵਿਚ 16 ਲੱਖ ਕਰੋੜ ਹੋਰ ਕਰਜ਼ਾ ਲਏਗੀ। ਇਹ ਸੋਚਣਾ ਠੀਕ ਨਹੀਂ ਕਿ ਸਿਰਫ਼ 7 ਕਰੋੜ ਲੋਕ ਹੀ ਟੈਕਸ ਦਿੰਦੇ ਹਨ। ਇੱਥੇ ਸਵਾਲ ਤਾਂ ਇਹ ਹੈ ਕਿ ਕੀ ਬਾਕੀ ਲੋਕ ਟੈਕਸ ਨਹੀਂ ਭਰਦੇ। ਅੱਜ ਚਰਚਾ ਇਹ ਵੀ ਹੈ ਕਿ ਸਰਕਾਰ ਵੀ ਹਾਈਵੇ, ਏਅਰਪੋਰਟ, ਤੇਜ਼ ਰਫ਼ਤਾਰ ਗੱਡੀਆਂ, ਪ੍ਰਦੂਸ਼ਣ ਦੀ ਰੋਕਥਾਮ, ਆਰਗੈਨਿਕ ਖੇਤੀ, ਹੀਰਿਆਂ 'ਤੇ ਘੱਟ ਟੈਕਸ ਆਦਿ ਸਕੀਮਾਂ ਇਨ੍ਹਾਂ ਲੋਕਾਂ ਨੂੰ ਧਿਆਨ ਵਿਚ ਰੱਖ ਕੇ ਹੀ ਬਣਾ ਰਹੀ ਹੈ ਕਿਉਂਕਿ ਇਹ ਚੀਜ਼ਾਂ ਹੇਠਲੇ ਵਰਗ ਦੀ ਤਾਂ ਪਹੁੰਚ ਤੋਂ ਹੀ ਬਾਹਰ ਹਨ।

ਇਕ ਟੈਕਸ ਅਜਿਹਾ ਹੈ ਜੋ ਗ਼ਰੀਬ ਨੂੰ ਵੀ ਦੇਣਾ ਪੈਂਦਾ ਹੈ। ਇਹ ਹੈ ਗੁਡਜ਼ ਤੇ ਸਰਵਿਸ ਟੈਕਸ (ਜੀਐੱਸਟੀ)। ਹਰ ਇਨਸਾਨ ਦੀਆਂ ਤਿੰਨ ਮੁੱਖ ਲੋੜਾਂ ਹੁੰਦੀਆਂ ਹਨ-ਰੋਟੀ, ਕੱਪੜਾ ਅਤੇ ਮਕਾਨ। ਇਨ੍ਹਾਂ ਤਿੰਨਾਂ 'ਤੇ ਹੀ ਟੈਕਸ ਲੱਗਦਾ ਹੈ। ਕਹਿਣ ਨੂੰ ਆਟਾ ਚੱਕੀ ਤੋਂ ਖੁੱਲ੍ਹੇ ਆਟੇ 'ਤੇ ਟੈਕਸ ਨਹੀਂ ਹੈ ਪਰ ਜਦੋਂ ਥੈਲੀ ਵਿਚ ਬੰਦ ਹੋ ਗਿਆ, ਉਸ 'ਤੇ 5 ਪ੍ਰਤੀਸ਼ਤ ਟੈਕਸ ਲੱਗ ਗਿਆ। ਆਮ ਤੌਰ 'ਤੇ ਚੱਕੀ ਵਾਲੇ ਦਾ ਰੇਟ ਤੇ ਇਕ ਬਰਾਂਡ ਦਾ ਭਾਅ ਇਕ ਹੀ ਹੈ। ਭਾਵੇਂ ਖੁੱਲ੍ਹਾ ਲੈ ਲਓ, ਭਾਵੇਂ ਥੈਲੀ ਕਿਉਂਕਿ ਜੋ ਉਸ ਨੇ ਕਣਕ ਖ਼ਰੀਦੀ ਉਸ ਉੱਪਰ ਸਾਰੇ ਟੈਕਸ ਲੱਗੇ ਹਨ। ਹੋਰ ਉਦਾਹਰਨ ਇਹ ਹੈ ਕਿ ਇਕ ਮੰਗਤੇ ਕੋਲ 10 ਰੁਪਏ ਇਕੱਠੇ ਹੋ ਗਏ। ਉਸ ਨੇ ਖਾਣ ਨੂੰ ਬਿਸਕੁਟਾਂ ਦਾ ਛੋਟਾ ਪੈਕਟ ਲੈ ਲਿਆ। ਉਸ 'ਤੇ 12% ਟੈਕਸ ਲੱਗ ਗਿਆ। ਜੋ ਵੀ ਕਰਿਆਨੇ ਦੀਆਂ ਸਾਧਾਰਨ ਵਸਤਾਂ ਆਮ ਪਰਿਵਾਰ ਨੂੰ ਚਾਹੀਦੀਆਂ ਹਨ, ਉਨ੍ਹਾਂ 'ਤੇ ਔਸਤ 11-12 ਫ਼ੀਸਦੀ ਜੀਐੱਸਟੀ ਲੱਗਦਾ ਹੈ, ਕਿਸੇ 'ਤੇ 5 ਤੇ ਕਿਸੇ 'ਤੇ 18 ਫ਼ੀਸਦੀ। ਤਨ ਢੱਕਣ ਲਈ ਕੱਪੜਾ ਚਾਹੀਦਾ ਹੈ ਅਤੇ ਪੈਰੀਂ ਜੁੱਤੀ। ਦੋਨਾਂ 'ਤੇ 12 ਫ਼ੀਸਦੀ ਘੱਟੋ-ਘੱਟ ਟੈਕਸ ਹੈ। ਕੋਈ ਵੀ ਜੁੱਤੀ ਜਿਸ ਦੀ ਕੀਮਤ 1000 ਤੋਂ ਘੱਟ ਹੈ ਉਸ 'ਤੇ 12 ਫ਼ੀਸਦੀ ਅਤੇ ਜਿਸ ਦੀ 1000 ਤੋਂ ਵੱਧ ਹੈ, ਉਸ 'ਤੇ 18 ਫ਼ੀਸਦੀ ਟੈਕਸ ਲੱਗਦਾ ਹੈ। ਇਸ ਤੋਂ ਅੱਗੇ ਗੱਲ ਆਉਂਦੀ ਹੈ ਛੱਤ ਦੀ। ਸਾਰੇ ਬਿਲਡਿੰਗ ਮੈਟੀਰੀਅਲ 'ਤੇ ਜੀਐੱਸਟੀ ਲੱਗਦਾ ਹੈ 5 ਤੋਂ 18 ਪ੍ਰਤੀਸ਼ਤ। ਜੇ ਕਿਸੇ ਗ਼ਰੀਬ ਆਦਮੀ ਨੇ ਝੁੱਗੀ ਪਾਉਣੀ ਹੈ, ਬਾਰਿਸ਼ ਦਾ ਪਾਣੀ ਰੋਕਣ ਲਈ ਉੱਤੇ ਪਲਾਸਟਿਕ ਸ਼ੀਟ ਪਾਉਣੀ ਪਊ, ਉਸ 'ਤੇ ਵੀ ਜੀਐੱਸਟੀ ਹੈ 18 ਪ੍ਰਤੀਸ਼ਤ।

ਇਸ ਤੋਂ ਅੱਗੇ ਗੱਲ ਕਰਦੇ ਹਾਂ ਰੁਜ਼ਗਾਰ ਦੀ। ਰੁਜ਼ਗਾਰ ਦੀ ਤਲਾਸ਼ ਵਿਚ ਇੱਧਰ-ਉੱਧਰ ਜਾਣਾ ਪੈਂਦਾ ਹੈ। ਘੱਟੋ-ਘੱਟ ਸਾਈਕਲ ਜ਼ਰੂਰੀ ਹੈ। ਉਸ 'ਤੇ 12 ਫ਼ੀਸਦੀ ਜੀਐੱਸਟੀ ਹੈ। ਜੇ ਕਿਸੇ ਨੇ ਤਿੰਨ ਪਹੀਆ ਰਿਕਸ਼ਾ ਜਾਂ ਰੇਹੜਾ ਲਿਆ, ਉਸ 'ਤੇ ਵੀ 12 ਪ੍ਰਤੀਸ਼ਤ ਜੀਐੱਸਟੀ ਹੈ। ਜੇ ਕਿਸੇ ਨੇ ਸਕੂਟਰ, ਮੋਟਰਸਾਈਕਲ ਲੈ ਲਿਆ, ਜੇ ਤਾਂ 350 ਸੀਸੀ ਤਕ ਤਾਕਤ ਦਾ ਹੈ ਤਾਂ 28 ਪ੍ਰਤੀਸ਼ਤ ਜੀਐੱਸਟੀ ਅਤੇ ਉਸ ਤੋਂ ਉੱਪਰ 28 ਪ੍ਰਤੀਸ਼ਤ ਜੀਐੱਸਟੀ ਨਾਲ ਕੰਪਨਸੇਸ਼ਨ/ ਸੈੱਸ ਮਿਲਾ ਕੇ 31% ਹੋ ਜਾਂਦਾ ਹੈ। ਜਿਹੜਾ ਉਸ ਵਿਚ ਪੈਟਰੋਲ ਪਵਾਉਣਾ ਹੈ, ਉਸ 'ਤੇ ਫਿਰ ਕੇਂਦਰ ਦੇ ਟੈਕਸ ਅਤੇ ਸੂਬੇ ਦਾ ਵੈਟ ਮਿਲਾ ਕੇ ਕੀਮਤ ਦੁੱਗਣੇ ਤੋਂ ਉੱਪਰ ਹੋ ਜਾਂਦੀ ਹੈ। ਦਰਮਿਆਨਾ ਵਰਗ ਉਹ ਹੈ ਜਿਸ ਦੀ ਆਮਦਨ 7.5 ਲੱਖ ਤੋਂ 15 ਲੱਖ ਸਾਲਾਨਾ ਹੈ। ਜੋ ਜੀਐੱਸਟੀ ਤੋਂ ਇਲਾਵਾ ਇਨਕਮ ਟੈਕਸ ਵੀ ਦਿੰਦਾ ਹੈ, ਜੋ ਰਿਆਇਤਾਂ ਕੱਢ ਕੇ ਕੁੱਲ ਆਮਦਨ ਦਾ 10 ਫ਼ੀਸਦੀ ਬਣਦਾ ਹੈ। ਭਾਵ ਦਰਮਿਆਨਾ ਤਬਕਾ 10 ਫ਼ੀਸਦੀ ਇਨਕਮ ਟੈਕਸ ਦੇ ਕੇ ਬਚੀ ਆਮਦਨ ਉੱਪਰ 12 ਪ੍ਰਤੀਸ਼ਤ ਜੀਐੱਸਟੀ ਦੇ ਕੇ ਮੁੱਢਲੀਆਂ ਲੋੜਾਂ ਪੂਰੀਆਂ ਕਰਦਾ ਹੈ। ਜਾਂ ਕਹਿ ਲਓ ਕਿ ਘੱਟੋ-ਘੱਟ 22 ਫ਼ੀਸਦੀ ਟੈਕਸ ਦਿੰਦਾ ਹੈ।

ਜੇ ਚਾਰ ਪੈਸੇ ਜਮ੍ਹਾ ਕਰ ਕੇ ਮਾਰੂਤੀ ਕਾਰ ਲੈਣ ਦੀ ਸੋਚ ਲਈ ਤਾਂ ਵੀ ਛੋਟੀ ਤੋਂ ਛੋਟੀ ਕਾਰ ਜੋ 1200 ਸੀਸੀ ਤੋਂ ਹੇਠਾਂ ਹੈ ਉਸ 'ਤੇ 18 ਫ਼ੀਸਦੀ ਜੀਐੱਸਟੀ, ਉਸ 'ਤੇ 1 ਪ੍ਰਤੀਸ਼ਤ ਸੈੱਸ ਅਤੇ 8% ਰੋਡ ਟੈਕਸ ਲੱਗਦਾ ਹੈ। ਇਵੇਂ ਹੀ 1200 ਤੋਂ 1500 ਸੀਸੀ ਦੀਆਂ ਕਾਰਾਂ ਉੱਪਰ 28 ਫ਼ੀਸਦੀ ਜੀਐੱਸਟੀ ਤੇ 15 ਫ਼ੀਸਦੀ ਸੈੱਸ ਨਾਲ 8 ਫ਼ੀਸਦੀ ਰੋਡ ਟੈਕਸ ਲੱਗਦਾ ਹੈ ਤੇ 1500 ਸੀਸੀ ਤੋਂ ਉੱਪਰ 28 ਫ਼ੀਸਦੀ ਜੀਐੱਸਟੀ, 22 ਫ਼ੀਸਦੀ ਕੰਪਲਸਰੀ ਸੈੱਸ ਅਤੇ 8% ਰੋਡ ਟੈਕਸ ਲੱਗਦਾ ਹੈ। ਸੜਕ 'ਤੇ ਚੜ੍ਹਨਾ ਹੈ ਤਾਂ ਟੋਲ ਟੈਕਸ ਵੀ ਦੇਣਾ ਪੈਂਦਾ ਹੈ। ਵਰਲਡ ਇਕੋਨੋਮਿਕ ਫੋਰਮ ਤੇ ਆਕਸਫੈਮ ਦੀ ਰਿਪੋਰਟ ਮੁਤਾਬਕ ਸਾਲ 2021-22 ਵਿਚ ਭਾਰਤ ਵਿਚ 14.83 ਲੱਖ ਕਰੋੜ ਜੀਐੱਸਟੀ ਦੀ ਉਗਰਾਹੀ ਹੋਈ ਸੀ ਜਿਸ ਵਿੱਚੋਂ 63 ਫ਼ੀਸਦੀ ਜੀਐੱਸਟੀ ਹੇਠਲੀ ਅੱਧੀ ਆਬਾਦੀ (ਆਮਦਨ ਦੇ ਹਿਸਾਬ ਨਾਲ) ਨੇ ਦਿੱਤੀ ਅਤੇ ਉੱਪਰਲੀ 10 ਫ਼ੀਸਦੀ ਆਬਾਦੀ ਨੇ ਸਿਰਫ਼ 3 ਪ੍ਰਤੀਸ਼ਤ ਜੀਐੱਸਟੀ ਦਿੱਤਾ ਜਦਕਿ ਰਾਸ਼ਟਰ ਦੀ ਕੁੱਲ ਆਮਦਨ ਵਿਚ ਉੱਪਰਲੇ ਇਕ ਫ਼ੀਸਦੀ ਦਾ ਹਿੱਸਾ 40% ਹੈ।

ਸਭ ਤੋਂ ਵੱਡਾ ਸਵਾਲ ਤਾਂ ਇਹ ਹੈ ਕਿ ਜੇ ਦੇਸ਼ ਦੀ 142 ਕਰੋੜ ਆਬਾਦੀ ਸਿੱਧੇ ਅਤੇ ਅਸਿੱਧੇ ਟੈਕਸ ਭਰਦੀ ਹੈ ਤਾਂ ਫਿਰ ਘਾਟੇ ਵਾਲਾ ਬਜਟ ਕਿਉਂ, ਸਾਨੂੰ ਕਰਜ਼ਾ ਲੈਣ ਦੀ ਲੋੜ ਕਿਉਂ? ਇਸ ਸਾਲ ਦੇਸ਼ ਦਾ ਬਜਟ 45 ਲੱਖ ਕਰੋੜ ਦਾ, ਟੈਕਸ ਦੇ ਰੂਪ ਵਿਚ ਆਮਦਨ 27 ਲੱਖ ਕਰੋੜ ਹੈ। ਬਾਕੀ ਘਾਟਾ ਦੇਸ਼ ਦੀ ਪ੍ਰਾਪਰਟੀ ਵੇਚ ਕੇ ਜਾਂ ਕਰਜ਼ਾ ਲੈ ਕੇ ਪੂਰਾ ਕੀਤਾ ਜਾ ਰਿਹਾ ਹੈ। ਇਹੋ ਹਾਲ ਸਾਡੇ ਸੂਬੇ ਦੇ ਬਜਟ ਦਾ ਹੈ। ਇਕ ਲੱਖ 60 ਹਜ਼ਾਰ ਕਰੋੜ ਦਾ ਬਜਟ ਹੈ। ਆਮਦਨ ਦਾ ਟੀਚਾ 90 ਹਜ਼ਾਰ ਕਰੋੜ ਦੇ ਲਗਪਗ ਹੈ। ਬਾਕੀ ਪੂਰਤੀ ਕਰਜ਼ਾ ਲੈ ਕੇ ਜਾਂ ਕੁਝ ਵੇਚ-ਵੱਟ ਕੇ ਪੂਰੀ ਕੀਤੀ ਜਾਵੇਗੀ? ਸਿਆਣਪ ਇਹੀ ਹੈ ਕਿ ਚਾਦਰ ਵੇਖ ਕੇ ਪੈਰ ਪਸਾਰੋ।

# ਸਰਬਸੰਮਤੀ ਨਾਲ ਹੋਣ ਪੰਚਾਇਤ ਚੋਣਾਂ

ਭਾਰਤ 'ਚ ਪੰਚਾਇਤੀ ਰਾਜ ਪ੍ਰਬੰਧ ਮੁੱਢ ਕਦੀਮ ਤੋਂ ਹੀ ਹੈ। ਪੰਚਾਇਤੀ ਰਾਜ ਸ਼ੁਰੂ ਹੋਣ ਤੋਂ ਪਹਿਲਾਂ ਵੀ ਹਰੇਕ ਪਿੰਡ ਦੀ ਪੰਚਾਇਤ ਹੁੰਦੀ ਸੀ। ਵੱਡੇ ਪਿੰਡਾਂ ਵਿਚ ਹਰੇਕ ਪੱਟੀ ਦੀ ਵੱਖਰੀ ਪੰਚਾਇਤ ਹੁੰਦੀ ਸੀ। ਇਨ੍ਹਾਂ ਵਿਚ ਆਮ ਕਰ ਕੇ ਪਿੰਡ ਦੇ ਮੋਹਤਬਰ, ਇਮਾਨਦਾਰ ਤੇ ਬਜ਼ੁਰਗਾਂ ਨੂੰ ਲਿਆ ਜਾਂਦਾ ਸੀ। ਇਸ ਲਈ ਕੋਈ ਚੋਣ ਨਹੀਂ ਸੀ ਹੁੰਦੀ। ਉਂਜ ਹੀ ਸਿਆਣੇ ਵਿਅਕਤੀ ਜਿਨ੍ਹਾਂ ਕੋਲ ਲੋਕੀਂ ਦੁੱਖ-ਸੁੱਖ ਵੇਲੇ ਸਲਾਹ ਲੈਣ ਜਾਂਦੇ ਸਨ, ਉਹੀ ਪੰਚਾਇਤ ਦੇ ਮੈਂਬਰ ਬਣ ਜਾਂਦੇ ਸਨ।

**ਡਾ. ਰਣਜੀਤ ਸਿੰਘ**
94170-87328

ਇਨ੍ਹਾਂ ਮੈਂਬਰਾਂ ਦਾ ਕਿਰਦਾਰ ਬੜਾ ਸੱਚਾ ਤੇ ਸੁੱਚਾ ਹੁੰਦਾ ਸੀ। ਪਿੰਡ ਵਿਚਲੇ ਸਾਰੇ ਝਗੜਿਆਂ ਦਾ ਨਿਪਟਾਰਾ ਤੱਥਾਂ ਉੱਤੇ ਆਧਾਰਤ ਬਿਨਾਂ ਕਿਸੇ ਲਿਹਾਜ਼ ਤੋਂ ਕੀਤਾ ਜਾਂਦਾ ਸੀ। ਇੱਥੋਂ ਤੱਕ ਕਿ ਆਪਣਿਆਂ ਦਾ ਵੀ ਕੋਈ ਲਿਹਾਜ਼ ਨਹੀਂ ਕੀਤਾ ਜਾਂਦਾ ਸੀ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਇਸ ਪ੍ਰਬੰਧ ਨੂੰ ਹੋਰ ਵੀ ਮਜ਼ਬੂਤ ਕੀਤਾ ਗਿਆ। ਪੰਚਾਇਤ ਦੀ ਜ਼ਿੰਮੇਵਾਰੀ ਕੇਵਲ ਆਪਸੀ ਝਗੜਿਆਂ ਦਾ ਨਿਪਟਾਰਾ ਕਰਨਾ ਹੀ ਨਹੀਂ ਸੀ ਸਗੋਂ ਪਿੰਡ ਦੀ ਸੁਰੱਖਿਆ, ਸਾਰਿਆਂ ਦੀਆਂ ਮੁੱਢਲੀਆਂ ਲੋੜਾਂ ਰੋਟੀ, ਕੱਪੜਾ, ਮਕਾਨ, ਪੜ੍ਹਾਈ ਅਤੇ ਸਿਹਤ-ਸੰਭਾਲ ਦੀ ਵੀ ਸੀ। ਆਜ਼ਾਦੀ ਪਿੱਛੋਂ ਦੇਸ਼ ਵਿਚ 1952 ਵਿਚ ਪੰਚਾਇਤੀ ਰਾਜ ਲਾਗੂ ਕੀਤਾ ਗਿਆ। ਇਸ ਦਾ ਮੰਤਵ ਲੋਕਰਾਜ ਨੂੰ ਸਹੀ ਅਰਥਾਂ ਵਿਚ ਲੋਕਾਂ ਦਾ ਰਾਜ ਬਣਾਉਣਾ ਸੀ। ਪੰਚਾਇਤੀ ਰਾਜ ਦੀ ਮੁੱਢਲੀ ਇਕਾਈ ਪਿੰਡ ਦੀ ਪੰਚਾਇਤ ਸੀ।

ਇਸ ਦੀ ਜ਼ਿੰਮੇਵਾਰੀ ਜਿੱਥੇ ਪਿੰਡ ਦਾ ਸਰਬਪੱਖੀ ਵਿਕਾਸ ਕਰਨਾ ਹੈ ਉੱਥੇ ਹੀ ਲੋਕਾਂ ਦੇ ਆਪਸੀ ਝਗੜਿਆਂ ਦਾ ਨਿਪਟਾਰਾ ਕਰਨਾ ਵੀ ਹੈ। ਵੇਖਣ ਵਿਚ ਆਇਆ ਹੈ ਕਿ ਕਚਹਿਰੀਆਂ ਵਿਚ ਬਹੁਤੇ ਮੁਕੱਦਮੇ ਪਿੰਡ ਵਾਸੀਆਂ ਦੇ ਹੀ ਹੁੰਦੇ ਹਨ। ਦੋਵੇਂ ਧਿਰਾਂ ਲੰਬੇ ਸਮੇਂ ਤਕ ਚੱਲਣ ਵਾਲੇ ਮੁਕੱਦਮਿਆਂ ਕਾਰਨ ਮਾਇਕ ਪੱਖੋਂ ਕੰਗਾਲ ਹੋ ਜਾਂਦੀਆਂ ਹਨ, ਨਾਲ ਹੀ ਮਾਨਸਿਕ ਪਰੇਸ਼ਾਨੀ ਦਾ ਵੀ ਸਾਹਮਣਾ ਕਰਨਾ ਪੈਂਦਾ ਹੈ। ਪਿੰਡ ਵਾਸੀ ਸੱਚਾਈ ਜਾਣਦੇ ਹੁੰਦੇ ਹਨ। ਇੰਜ ਸੱਚ ਆਧਾਰਤ ਸਹੀ ਫ਼ੈਸਲੇ ਹੋ ਸਕਦੇ ਹਨ। ਪਿੰਡ ਦੀਆਂ ਲੋੜਾਂ ਅਨੁਸਾਰ ਪੰਚਾਇਤ ਪਿੰਡ ਦੀ ਵਿਕਾਸ ਯੋਜਨਾ ਬਣਾਉਂਦੀ ਹੈ, ਇਨ੍ਹਾਂ ਦੇ ਆਧਾਰ ਉੱਤੇ ਬਲਾਕ ਪੱਧਰ ਉੱਤੇ ਪੰਚਾਇਤ ਸੰਮਤੀ ਹੁੰਦੀ ਹੈ ਜਿਹੜੀ ਸਾਰੇ ਬਲਾਕ ਲਈ ਵਿਕਾਸ ਯੋਜਨਾ ਉਲੀਕਦੀ ਹੈ। ਜ਼ਿਲ੍ਹਾ ਪੱਧਰ 'ਤੇ ਜ਼ਿਲ੍ਹਾ ਪ੍ਰੀਸ਼ਦ ਹੈ ਜਿਸ ਦਾ ਕੰਮ ਸਾਰੇ ਜ਼ਿਲ੍ਹੇ ਲਈ ਵਿਕਾਸ ਯੋਜਨਾ ਉਲੀਕਣਾ ਹੈ। ਸਾਰੇ ਜ਼ਿਲ੍ਹਿਆਂ ਆਧਾਰਤ ਰਾਜ ਪੱਧਰ 'ਤੇ ਪੰਚਾਇਤ ਵਿਭਾਗ ਸਮੁੱਚੇ ਸੂਬੇ ਲਈ ਵਿਕਾਸ ਯੋਜਨਾ ਦੀ ਰੂਪ-ਰੇਖਾ ਉਲੀਕਦਾ



ਹੈ। ਸਾਰੇ ਸੂਬਿਆਂ ਤੇ ਦੇਸ਼ ਲਈ ਵੀ ਅਜਿਹਾ ਯੋਜਨਾਬੰਦੀ ਢਾਂਚਾ ਮੌਜੂਦ ਹੈ। ਪਰ ਸਮਾਂ ਬੀਤਣ ਨਾਲ ਇਸ ਢਾਂਚੇ ਨੂੰ ਕਮਜ਼ੋਰ ਕਰ ਦਿੱਤਾ ਗਿਆ ਹੈ। ਹੁਣ ਪੇਂਡੂ ਵਿਕਾਸ ਲਈ ਯੋਜਨਾਵਾਂ ਦੇਸ਼ ਦੀ ਰਾਜਧਾਨੀ ਦਿੱਲੀ ਵਿਚ ਬੈਠ ਕੇ ਮਾਹਰ ਉਲੀਕਦੇ ਹਨ। ਜਿਨ੍ਹਾਂ ਦੀਆਂ ਪ੍ਰਾਪਤੀਆਂ ਬਹੁਤਾ ਕਰਕੇ ਕਾਗਜ਼ੀ ਰਿਪੋਰਟਾਂ ਤੱਕ ਸੀਮਤ ਹੋ ਜਾਂਦੀਆਂ ਹਨ। ਸਾਡਾ ਦੇਸ਼ ਬਹੁਰੰਗੀ ਗੁਲਦਸਤਾ ਹੈ। ਹਰੇਕ ਸੂਬੇ ਦੀਆਂ ਲੋੜਾਂ ਵੱਖੋ-ਵੱਖਰੀਆਂ ਹੁੰਦੀਆਂ ਹਨ। ਜਦੋਂ ਸਾਰਿਆਂ ਉੱਤੇ ਇੱਕੋ ਹੀ ਯੋਜਨਾ ਥੋਪੀ ਜਾਂਦੀ ਹੈ ਤਾਂ ਵਿਕਾਸ ਰੁਕ ਜਾਂਦਾ ਹੈ। ਪੰਜਾਬ ਦੇ ਵਿਕਾਸ ਵਿਚ ਆਈ ਖੜੋਤ ਦਾ ਇਕ ਕਾਰਨ ਇਹ ਵੀ ਹੈ। ਪੰਜਾਬ ਦਾ ਖੇਤੀ ਅਤੇ ਪੇਂਡੂ ਵਿਕਾਸ ਅੱਧੀ ਸਦੀ ਪਹਿਲਾਂ ਹੀ ਸਭ ਤੋਂ ਉੱਤੇ ਸੀ ਜਦਕਿ ਦੂਜੇ ਸੂਬੇ ਬਹੁਤ ਪਿੱਛੇ ਸਨ। ਹੁਣ ਬਿਹਾਰ ਅਤੇ ਪੰਜਾਬ ਲਈ ਇਕ ਹੀ ਪ੍ਰੋਗਰਾਮ ਉਲੀਕਿਆ ਜਾਂਦਾ ਹੈ। ਪੰਜਾਬ ਵਿਚ ਤਾਂ ਖੇਤੀ ਵਿਕਾਸ ਸਿਖ਼ਰ ਉੱਤੇ ਪੁੱਜ ਕੇ ਖੜੋਤ ਧਾਰਨ ਕਰ ਗਿਆ ਹੈ। ਇਸੇ ਤਰ੍ਹਾਂ ਪੰਜਾਬ ਦੇ ਪਿੰਡਾਂ ਦੀਆਂ ਸੜਕਾਂ, ਗਲੀਆਂ, ਨਾਲੀਆਂ ਪਹਿਲਾਂ ਹੀ ਪੱਕੀਆਂ ਹੋ ਚੁੱਕੀਆਂ ਹਨ। ਬਿਜਲੀ ਵੀ ਹਰ ਪਿੰਡ ਵਿਚ ਹੈ। ਇੰਜ ਹੀ ਕੇਂਦਰ ਵੱਲੋਂ ਮਗਨਰੇਗਾ ਵਾਲੀ ਦਿਹਾੜੀ ਤੋਂ ਪੰਜਾਬ ਵਿਚ ਮਜ਼ਦੂਰ ਦੀ ਦੁੱਗਣੀ ਦਿਹਾੜੀ ਹੈ। ਫਿਰ ਵੀ ਪੰਜਾਬ ਸਰਕਾਰ ਅਤੇ ਪੰਚਾਇਤ ਆਪਣੇ ਪੱਧਰ ਉੱਤੇ ਬਹੁਤ ਕੁਝ ਕਰ ਸਕਦੀਆਂ ਹਨ ਪਰ ਸਾਡੇ ਰਾਜਸੀ ਆਗੂਆਂ ਨੇ ਆਪਣੀਆਂ ਵੋਟਾਂ ਖ਼ਾਤਰ ਪਿੰਡਾਂ ਵਿਚ ਧੜੇਬੰਦੀਆਂ ਖੜ੍ਹੀਆਂ ਕਰ ਦਿੱਤੀਆਂ ਹਨ। ਹੁਣ ਪੰਚਾਇਤੀ ਚੋਣਾਂ ਸਿਆਸੀ ਪਾਰਟੀਆਂ ਦੇ ਆਧਾਰ ਉੱਤੇ ਹੁੰਦੀਆਂ ਹਨ ਅਤੇ ਆਪੋ-ਆਪਣੀ ਪਾਰਟੀ ਦੇ ਪਿੰਡ ਵਿਚ ਪੈਰ ਪੱਕੇ ਕਰਨ ਲਈ ਪੈਸਾ, ਨਸ਼ੇ ਅਤੇ ਹੋਰ ਢੰਗ-ਤਰੀਕਿਆਂ ਦੀ ਵਰਤੋਂ ਹੋਣ ਲੱਗ ਪਈ ਹੈ।

ਲੋਕ ਸ਼ਕਤੀ ਦਾ ਜਲਵਾ ਕਿਸਾਨ ਮੋਰਚੇ ਦੀ ਸਫਲਤਾ ਵਿਚ ਵੇਖਿਆ ਗਿਆ ਸੀ। ਜੇ ਸਿਆਸੀ ਪਾਰਟੀਆਂ ਸੱਚਮੁੱਚ ਹੀ ਪੰਜਾਬ ਦਾ ਭਲਾ ਚਾਹੁੰਦੀਆਂ ਹਨ ਤਾਂ ਉਨ੍ਹਾਂ ਨੂੰ ਪਿੰਡਾਂ ਵਿਚ ਦਖ਼ਲਅੰਦਾਜ਼ੀ ਕਰ ਕੇ ਧੜੇਬੰਦੀ ਨੂੰ ਉਤਸ਼ਾਹਤ ਨਹੀਂ ਕਰਨਾ ਚਾਹੀਦਾ। ਕੋਸ਼ਿਸ਼ ਇਹ ਹੋਣੀ ਚਾਹੀਦੀ ਹੈ ਕਿ ਪੰਚਾਇਤਾਂ ਦੀਆਂ ਚੋਣਾਂ ਸਰਬਸੰਮਤੀ ਨਾਲ ਹੋਣ। ਜਿੱਥੇ ਵੀ ਸਰਬਸੰਮਤੀ ਨਾਲ ਚੋਣ ਹੋਈ ਹੈ, ਉਨ੍ਹਾਂ ਪਿੰਡਾਂ ਦੀ ਪੰਚਾਇਤ ਨੇ ਪਿੰਡ ਦੀ ਨੁਹਾਰ ਬਦਲ ਦਿੱਤੀ ਹੈ। ਪੰਜਾਬ ਵਿਚ ਵਸੀਲਿਆਂ ਦੀ ਘਾਟ ਨਹੀਂ ਹੈ। ਵਿਕਾਸ ਕਾਰਜਾਂ ਲਈ ਸਰਕਾਰ ਵੱਲ ਝਾਕਣ ਦੀ ਵੀ ਲੋੜ ਨਹੀਂ ਹੈ। ਹੁਣ ਹਰੇਕ ਪਿੰਡ 'ਚੋਂ ਕਈ ਪਰਿਵਾਰ ਵਿਦੇਸ਼ਾਂ ਵਿਚ ਵਸਦੇ ਹਨ, ਉਹ ਆਪਣੇ ਪਿੰਡ ਦੀ ਭਲਾਈ ਵਿਚ ਯੋਗਦਾਨ ਪਾਉਣਾ ਚਾਹੁੰਦੇ ਹਨ ਪਰ ਜਿੱਥੇ ਧੜੇਬੰਦੀ ਹੈ, ਉੱਥੇ ਉਨ੍ਹਾਂ ਲਈ ਮੁਸ਼ਕਲ ਹੋ ਜਾਂਦੀ ਹੈ ਅਤੇ ਉਨ੍ਹਾਂ ਦੀ ਮਾਇਆ ਧਾਰਮਿਕ ਅਸਥਾਨਾਂ ਨੂੰ ਸੁੰਦਰ ਬਣਾਉਣ ਉੱਤੇ ਹੀ ਖ਼ਰਚ ਹੋ ਜਾਂਦੀ ਹੈ। ਜਿਵੇਂ ਤੁਸੀਂ ਕਿਸਾਨ ਅੰਦੋਲਨ ਸਮੇਂ ਸਿਆਸੀ ਆਗੂਆਂ ਨੂੰ ਨੇੜੇ ਨਹੀਂ ਲੱਗਣ ਦਿੱਤਾ ਸੀ, ਉਵੇਂ ਹੀ ਪਿੰਡ ਦੀ ਭਲਾਈ ਲਈ ਵੀ ਉਨ੍ਹਾਂ ਨੂੰ ਚੋਣਾਂ ਤੋਂ ਦੂਰ ਰੱਖੋ। ਹਰ ਪਿੰਡ ਵਿਚ ਕੋਸ਼ਿਸ਼ ਕੀਤੀ ਜਾਵੇ ਕਿ ਚੋਣ ਸਰਬਸੰਮਤੀ ਨਾਲ ਹੋਵੇ। ਪੜ੍ਹੇ-ਲਿਖੇ ਤੇ ਲੋਕ ਸੇਵਾ ਨੂੰ ਸਮਰਪਿਤ ਇਮਾਨਦਾਰ ਵਿਅਕਤੀ ਨੂੰ ਸਰਪੰਚ ਬਣਾਇਆ ਜਾਵੇ। ਪਿੰਡ ਵਾਸੀਆਂ ਨੂੰ ਪ੍ਰਣ ਕਰਨਾ ਚਾਹੀਦਾ ਹੈ ਕਿ ਇਸ ਵਾਰ ਚੋਣਾਂ ਸਮੇਂ ਨਸ਼ਿਆਂ ਦੀ ਵਰਤੋਂ ਨਹੀਂ ਹੋਣ ਦੇਣੀ। ਇਹ ਵੀ ਸਪਸ਼ਟ ਕਰ ਦੇਣਾ ਚਾਹੀਦਾ ਹੈ ਕਿ ਜਿਹੜਾ ਉਮੀਦਵਾਰ ਨਸ਼ੇ ਵੰਡੇਗਾ ਉਸ ਦਾ ਸਮਾਜਿਕ ਬਾਈਕਾਟ ਕਰ ਦਿੱਤਾ ਜਾਵੇਗਾ। ਨਸ਼ਿਆਂ ਵਿਰੁੱਧ ਮੁਹਿਮ ਦਾ ਇਹ ਪਹਿਲਾ ਕਦਮ ਹੋਵੇਗਾ। ਪਿੰਡ ਵਾਸੀਆਂ ਨੂੰ ਪੰਚਾਇਤ ਦੀ ਅਗਵਾਈ ਹੇਠ ਨਸ਼ਿਆਂ ਵਿਰੁੱਧ ਮੁਹਿਮ ਚਲਾਉਣੀ ਚਾਹੀਦੀ ਹੈ। ਸਰਕਾਰਾਂ ਵੱਲ ਵੇਖਿਆਂ ਇਸ ਕੋਹੜ ਨੂੰ ਖ਼ਤਮ ਨਹੀਂ ਕੀਤਾ ਜਾ ਸਕਣਾ। ਪੰਚਾਇਤ ਚੋਣਾਂ ਵਿਚ ਸਰਬਸੰਮਤੀ ਤੇ ਨਸ਼ਿਆਂ ਦੀ ਵਰਤੋਂ ਨਾ ਕਰਨਾ ਨਸ਼ਿਆਂ ਵਿਰੁੱਧ ਲੜਾਈ ਦੀ ਪਹਿਲੀ ਜਿੱਤ ਹੋਵੇਗੀ। ਸਰਬਸੰਮਤੀ ਨਾਲ ਚੁਣੀ ਪੰਚਾਇਤ ਹੀ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਪਿੰਡਾਂ ਦੀ ਕਾਇਆਕਲਪ ਕਰ ਸਕਦੀ ਹੈ। ਪਿੰਡਾਂ ਦੀ ਗਲੀਆਂ ਪੱਕੀਆਂ ਕਰਨਾ, ਲਾਈਟਾਂ ਦਾ ਪ੍ਰਬੰਧ ਅਤੇ ਸੀਵਰੇਜ ਵਰਗੇ ਕੰਮਾਂ ਤੋਂ ਅੱਗੇ ਪਿੰਡਾਂ ਦੇ ਛੱਪੜਾਂ ਨੂੰ ਸੁਰਜੀਤ ਕੀਤਾ ਜਾਵੇ, ਵਧੀਆ ਪਾਰਕ ਅਤੇ ਖੇਡ ਮੈਦਾਨ ਬਣਾਏ ਜਾਣ। ਬੱਚਿਆਂ ਨੂੰ ਸ਼ਾਮ ਵੇਲੇ ਖੇਡ ਦੇ ਮੈਦਾਨ ਵਿਚ ਆਉਣ ਲਈ ਉਤਸ਼ਾਹਤ ਕੀਤਾ ਜਾਵੇ। ਪਿੰਡ ਵਿਚ ਲਾਇਬ੍ਰੇਰੀ ਖੋਲ੍ਹੀ ਜਾਵੇ ਅਤੇ ਲੋਕਾਂ ਨੂੰ ਕਿਤਾਬਾਂ ਪੜ੍ਹਨ ਦੀ ਚੇਟਕ ਲਗਾਈ ਜਾਵੇ। ਪਿੰਡ ਦੇ ਸਕੂਲ ਦੀ ਸਾਰ ਲਈ ਜਾਵੇ। ਜੇਕਰ ਅਧਿਆਪਕ ਘੱਟ ਹਨ ਤਾਂ ਪਿੰਡ ਦੇ ਪੜ੍ਹੇ-ਲਿਖੇ ਮੁੰਡੇ-ਕੁੜੀਆਂ ਨੂੰ ਇਸ ਪਾਸੇ ਲਾਇਆ ਜਾਵੇ। ਉਨ੍ਹਾਂ ਨੂੰ ਸੇਵਾ ਫਲ ਪਰਵਾਸੀਆਂ ਦੀ ਸਹਾਇਤਾ ਨਾਲ ਦਿੱਤਾ ਜਾ ਸਕਦਾ ਹੈ। ਸਕੂਲ ਵਿਚ ਕਮਰੇ, ਫਰਨੀਚਰ ਤੇ ਹੋਰ ਸਮੱਗਰੀ ਦੀ ਘਾਟ ਨੂੰ ਪੂਰਾ ਕੀਤਾ ਜਾਵੇ। ਸਰਕਾਰੀ ਸਕੂਲ ਲੋਕਾਂ ਦੀ ਮਲਕੀਅਤ ਹਨ, ਸੋ ਹਮੇਸ਼ਾ ਸਰਕਾਰ ਵੱਲ ਝਾਕ ਨਾ ਰੱਖੀ ਜਾਵੇ। ਦੋ-ਤਿੰਨ ਪਿੰਡਾਂ ਨੂੰ ਰਲ ਕੇ ਸਿਹਤ-ਸਹੂਲਤਾਂ ਦਾ ਪ੍ਰਬੰਧ ਕਰਨਾ ਚਾਹੀਦਾ ਹੈ। ਸਰਕਾਰ ਨੂੰ ਮਜਬੂਰ ਕਰੋ ਕਿ ਉਹ ਉੱਥੇ ਆਮ ਆਦਮੀ ਕਲੀਨਿਕ ਖੋਲ੍ਹੇ। ਨੌਜਵਾਨਾਂ ਤੇ ਔਰਤਾਂ ਨੂੰ ਕਿਰਤ ਨਾਲ ਜੋੜਨ ਲਈ ਉਨ੍ਹਾਂ ਦੇ ਗਰੁੱਪ ਬਣਾਏ ਜਾਣ। ਉਹ ਆਧੁਨਿਕ ਢੰਗ-ਤਰੀਕਿਆਂ ਨਾਲ ਆਪਣੇ ਕਾਰੋਬਾਰ ਕਰਨ। ਆਪਣੀ ਖੇਤੀ ਤੇ ਹੋਰ ਲੋੜਾਂ ਨਾਲ ਸਬੰਧਤ ਸਾਮਾਨ ਸਾਂਝੇ ਤੌਰ ਉੱਤੇ ਖ਼ਰੀਦਿਆ ਜਾਵੇ। ਉਪਜ ਨੂੰ ਵੀ ਸਾਂਝੇ ਤੌਰ ਉੱਤੇ ਹੀ ਵੇਚਿਆ ਜਾਵੇ। ਕੋਸ਼ਿਸ਼ ਇਹ ਹੋਵੇ ਕਿ ਉਪਜ ਦਾ ਮਾਰੀਕੀਟਿੰਗ ਕਰ ਕੇ ਵੇਚੀ ਜਾਵੇ। ਪਿੰਡ ਵਿਚ ਨਵੀਂ ਪੀੜ੍ਹੀ ਨੂੰ ਹੁਨਰੀ ਬਣਾਉਣ ਲਈ ਹੁਨਰ ਕੇਂਦਰ ਖੋਲ੍ਹਿਆ ਜਾਵੇ। ਇੰਜ ਵਿਹਲ ਖ਼ਤਮ ਹੋ ਜਾਵੇਗੀ, ਨੌਜਵਾਨਾਂ ਵਿੱਚੋਂ ਮਾਯੂਸੀ ਤੇ ਬੇਚੈਨੀ ਖ਼ਤਮ ਹੋ ਜਾਵੇਗੀ। ਜੇ ਵਿਦੇਸ਼ ਵੀ ਜਾਣਾ ਹੈ ਤਾਂ ਕੋਈ ਹੁਨਰ ਸਿੱਖ ਕੇ ਜਾਣਾ ਚਾਹੀਦਾ ਹੈ। ਹੁਨਰੀਆਂ ਨੂੰ ਕੰਮ ਛੇਤੀ ਮਿਲ ਜਾਂਦਾ ਹੈ। ਅਜਿਹਾ ਕੀਤਿਆਂ ਨਸ਼ਿਆਂ ਨੂੰ ਠੱਲ੍ਹ ਪਾਈ ਜਾ ਸਕੇਗੀ ਤੇ ਗ਼ਰੀਬੀ ਤੇ ਮਾਯੂਸੀ ਕਰਕੇ ਕਿਸੇ ਵੱਲੋਂ ਖ਼ੁਦਕੁਸ਼ੀ ਕਰਨ ਦੀ ਨੌਬਤ ਵੀ ਨਹੀਂ ਆਵੇਗੀ। ਅਜਿਹਾ ਉਦੋਂ ਹੀ ਹੋ ਸਕਦਾ ਹੈ ਜੇ ਪਿੰਡਾਂ ਵਿੱਚੋਂ ਧੜੇਬੰਦੀ ਖ਼ਤਮ ਹੋ ਜਾਵੇਗੀ।ਇੰਜ ਸਾਰੇ ਪਿੰਡ ਵਾਸੀ ਰਲ ਕੇ ਪਿੰਡ ਦੇ ਵਿਕਾਸ ਵਿਚ ਯੋਗਦਾਨ ਪਾਉਣਗੇ। ਇਸ ਪਾਸੇ ਪਹਿਲਕਦਮੀ ਪੰਚਾਇਤ ਚੋਣਾਂ ਸਮੇਂ ਧੜੇਬੰਦੀ ਤੋਂ ਉੱਪਰ ਉੱਠ ਕੇ ਸਰਬਸੰਮਤੀ ਨਾਲ ਚੋਣ ਕਰਨਾ ਹੈ। ਪਿੰਡ ਦੇ ਵਿਕਾਸ ਵਿਚ ਰਾਜਨੀਤਕ ਵਖਰੇਵਿਆਂ ਨੂੰ ਅੜਿੱਕਾ ਨਾ ਬਣਨ ਦਿੱਤਾ ਜਾਵੇ। ਪਿੰਡ ਵਾਸੀਆਂ ਦਾ ਏਕਾ ਵੇਖ ਕੇ ਨਸ਼ਿਆਂ ਦੀ ਤਸਕਰੀ ਕਰਨ ਵਾਲੇ ਵੀ ਸਹਿਮ ਜਾਣਗੇ, ਸਿਆਸੀ ਆਗੂ ਵੀ ਰਾਹੇ ਪੈ ਜਾਣਗੇ ਅਤੇ ਪੰਜਾਬ ਨੂੰ ਰੰਗਲਾ ਬਣਾਉਣ ਦੇ ਸੁਪਨੇ ਸਾਕਾਰ ਹੋਣ ਲੱਗ ਪੈਣਗੇ।




ਲੜੀਵਾਰ...

ਲੇਖਕ : ਗਿਆਨੀ ਕੇਵਲ ਸਿੰਘ ਨਿਰਦੋਸ਼

## ਸਭੁ ਦੇਸੁ ਪਰਾਇਆ
(ਸਵੈ-ਜੀਵਨੀ)

# ਕ੍ਰਿਸ਼ਨਾ ਨਗਰ ਤੋਂ ਕਲਿਆਣੀ...

ਫਸਟ ਕਲਾਸ ਡੱਬੇ ਵਿੱਚ ਰੇਲ ਦਾ ਸਫ਼ਰ ਕਰਕੇ ਗੁਰਦੁਆਰਿਆਂ ਦੇ ਦਰਸ਼ਨ ਕੀਤੇ। ਜਦੋਂ ਹਜ਼ੂਰ ਸਾਹਿਬ ਨਾਂਦੇੜ ਗਏ ਤਾਂ ਤਖ਼ਤ ਸਾਹਿਬ ਦੇ ਸਰਬਰਾਹ ਸ੍ਰ: ਸੁਦਾਗਰ ਸਿੰਘ ਜੀ ਪਿੰਡ ਸ਼ੰਕਰ ਜ਼ਿਲ੍ਹਾ ਜਲੰਧਰ ਦੇ ਸਨ। ਉਨ੍ਹਾਂ ਬੜਾ ਸਤਿਕਾਰ ਕੀਤਾ ਲੰਗਰ ਸਾਹਿਬ ਦੀ ਸੇਵਾ ਉਦੋਂ ਬਾਬਾ ਨਿਧਾਨ ਸਿੰਘ ਜੀ ਦੇ ਜਾਂ-ਨਸ਼ੀਨ ਬਾਬਾ ਹਰਨਾਮ ਸਿੰਘ ਜੀ ਕਰਦੇ ਸਨ। ਬਹੁਤ ਹੀ ਮਿਲਾਪੜੇ ਤੇ ਪ੍ਰਮੇਸ਼ਰ ਨਾਲ ਜੁੜੀ ਆਤਮਾ ਜੀ ਉਹ। ਉਥੇ ਜੋ ਕੁਝ ਉਸ ਵੇਲੇ ਹੁੰਦਾ ਸੀ ਸੁਦਾਗਰ ਸਿੰਘ ਜੀ ਨੇ ਬੜੇ ਵਿਸਥਾਰ ਨਾਲ ਦੱਸਿਆ। ਉਸਦੇ ਆਧਾਰ ਤੇ ਮੈਂ ਇਕ ਲੇਖ ਗੁਰਮਤਿ ਪ੍ਰਕਾਸ਼ ਵਿੱਚ ਲਿਖਿਆ ਜਿਸਦਾ ਸਿਰਲੇਖ ਸੀ "ਜਬ ਲਗ ਰਹੈ ਖਾਲਸਾ ਨਿਆਰਾ"। ਉਸਦਾ ਸਾਰ ਅੰਸ਼ ਇੱਥੇ ਦੇਣਾ ਕੁਥਾਂ ਨਹੀਂ ਹੋਵੇਗਾ:- ਤਖਤ ਸ੍ਰੀ ਹਰਿਮੰਦਰ ਸਾਹਿਬ ਸੱਚ ਖੰਡ ਹਜ਼ੂਰ ਸਾਹਿਬ ਵੱਲੋਂ ਹੋਲੀ ਉਪਰ ਡੇਢ ਕੁਅੰਟਲ ਰੰਗ ਖਰੀਦ ਕੇ ਦਿੱਤਾ ਜਾਂਦਾ ਹੈ। ਜਿਸ ਨੂੰ ਦੱਖਣ ਦੇ ਖਰੂਦੀ ਸਿੱਖ ਮੁੰਡੇ ਜ਼ਬਰਦਸਤੀ ਪੰਜਾਬੋਂ ਆਈਆਂ ਲੜਕੀਆਂ ਦੇ ਮੂੰਹਾਂ ਤੇ ਮਲਦੇ ਤੇ ਬਦਮਜ਼ਗੀਆਂ ਕਰਦੇ ਹਨ। ਪਿਛਲੇ ਸਾਲ ਇਕ ਖੂਨੀ ਲੜਾਈ ਹੁੰਦੀ ਹੁੰਦੀ ਬਾਬਾ ਹਰਨਾਮ ਸਿੰਘ ਜੀ ਦੀ ਸਿਆਣਪ ਸਦਕਾ ਟੱਲ ਗਈ। ਹੋਇਆ ਇੰਜ ਕਿ ਹੋਲੀ ਵਾਲੇ ਜਲੂਸ ਵਿੱਚ ਦੱਖਣੀ ਮੁੰਡੇ ਜ਼ਬਰਦਸਤੀ ਲੜਕੀਆਂ ਵਿੱਚ ਘੁਸ ਗਏ ਤੇ ਧੱਕੇ ਨਾਲ ਮੂੰਹਾਂ ਤੇ ਰੰਗ ਮਲਣ ਦੇ ਬਹਾਨੇ ਛੇੜ ਛਾੜ ਕਰਨ ਲੱਗੇ। ਉਧਰੋਂ ਪੰਜਾਬ ਤੋਂ ਪਰਿਵਾਰਾਂ ਨਾਲ ਗਏ ਨੌ-ਜਵਾਨਾਂ ਨੂੰ ਵੀ ਜੋਸ਼ ਆ ਗਿਆ। ਉਨ੍ਹਾਂ ਕਿਰਪਾਨਾ ਸੂਤ ਲਈਆਂ। ਦੱਖਣੀ ਸਿੱਖ ਵੀ ਲੜਾਈ ਤੇ ਉਤਰ ਆਏ। ਠੀਕ ਉਸੇ ਸਮੇਂ ਬਾਬਾ ਹਰਨਾਮ ਸਿੰਘ ਜੀ ਲੰਗਰ ਸਾਹਿਬ ਵਾਲੇ ਵਿਚਕਾਰ ਆ ਗਏ ਤੇ ਦੋਹਾਂ ਧਿਰਾਂ ਨੂੰ ਕਹਿਣ ਲੱਗੇ ਕਿ ਪਹਿਲਾਂ ਮੈਨੂੰ ਮਾਰ ਲਓ ਫੇਰ ਲੜਿਓ। ਇਸ ਤਰ੍ਹਾਂ ਇਹ ਲੜਾਈ ਟੱਲ ਗਈ। ਮੈਨੂੰ ਵੀ ਇਹ ਗੱਲ ਬਾਬਾ ਹਰਨਾਮ ਸਿੰਘ ਜੀ ਨੇ ਦੱਸੀ। ਪੰਜਾਬ ਤੋਂ ਬਾਹਰ ਦੋ ਤਖਤ ਹਨ ਸਿੱਖਾਂ ਦੇ। ਪਟਨਾ ਸਾਹਿਬ ਤੇ ਹਜ਼ੂਰ ਸਾਹਿਬ। ਦੋਹਾਂ ਤਖਤਾਂ ਤੇ ਸਿਰੇ ਦੀ ਮਨ-ਮੱਤ ਹੁੰਦੀ ਹੈ। ਪਰ ਚੱਲਦਾ ਸਭ ਕੁਝ !

ਇਕ ਹੋਰ ਦਿਲਚਸਪ ਘਟਨਾ ਤੁਹਾਡੇ ਨਾਲ ਸਾਂਝੀ ਕਰਾਂਗਾ। ਸਾਡੀ ਪਲਟਨ 14 ਪੰਜਾਬ (ਨਾਭਾ ਅਕਾਲ) ਦਾ ਰੇਜ਼ਿੰਗ ਡੇ 24 ਅਕਤੂਬਰ ਨੂੰ ਆਉਂਦਾ ਹੈ ਤੇ ਪਲਟਨ ਬੜੀ ਧੂੰਮ ਧਾਮ ਨਾਲ ਇਸ ਨੂੰ ਮਨਾਉਂਦੀ ਹੈ। ਅੱਜ ਵੀ ਇਹ ਪ੍ਰੰਪਰਾ ਚਾਲੂ ਹੈ। ਜਵਾਨ ਸ਼ੇਅਰੋ ਸ਼ਾਇਰੀ ਕਰਦੇ ਹਨ, ਡਰਾਮੇ ਕਰਦੇ ਹਨ, ਖੇਡਾਂ ਹੁੰਦੀਆਂ ਹਨ ਜਾਣੀ ਰਜਵਾਂ ਮਨ-ਪਰਚਾਵਾ ਹੁੰਦਾ ਹੈ। ਸ਼ਾਮ ਨੂੰ ਜਵਾਨਾਂ ਨੇ ਡਰਾਮਾ ਖੇਡਿਆ, ਇਹ ਜ਼ਿਕਰ 24 ਅਕਤੂਬਰ 1970 ਈ: ਦਾ ਹੈ। ਜਨਰਲ ਦਲਬੀਰ ਸਿੰਘ ਡਿਵੀਜ਼ਨ ਕਮਾਂਡਰ ਵੀ ਵਿੱਚ ਬੈਠੇ ਦੇਖ ਰਹੇ ਸਨ। ਸੀਨ ਜਵਾਨਾਂ ਦੀਆਂ ਦਵਾਈਆਂ ਨਾਲ ਸੰਬੰਧਤ ਸੀ, ਜਵਾਨਾਂ ਨੂੰ ਸ਼ਿਕਾਇਤ ਸੀ ਕਿ ਡਾਕਟਰ ਮੇਜਰ.........ਸਾਹਿਬ ਦਵਾਈਆਂ ਬਾਹਰ ਵੇਚ ਦਿੰਦੇ ਹਨ। ਜਵਾਨਾਂ ਨੂੰ ਐਮ.ਆਈ.ਰੂਮ ਤੋਂ ਦਵਾਈਆਂ ਮਿਲਦੀਆਂ ਨਹੀਂ। ਇੱਕ ਜਵਾਨ ਡਾਕਟਰ ਮੇਜਰ.........ਸਾਹਿਬ ਦੀ ਵਰਦੀ ਪਾਈ ਬੈਠਾ ਹੈ। ਇੱਕ ਜਵਾਨ ਗੋਡੇ ਨੂੰ ਫੜੀ ਲੰਗੜਾਂਦਾ ਆਉਂਦਾ ਹੈ। ਡਾਕਟਰ ਜੀ ਨੂੰ ਕਹਿੰਦਾ ਸਾਹਿਬ ਮੇਰੇ ਗੋਡੇ ਵਿੱਚ ਪੀੜ ਬੜੀ ਹੁੰਦੀ ਹੈ। ਡਾਕਟਰ ਕਹਿੰਦਾ ਲੂਣ ਵਾਲੇ ਪਾਣੀ ਦੇ ਗਰਾਰੇ ਕਰਿਆ ਕਰ। ਮਰੀਜ਼ ਕਹਿੰਦਾ ਸਾਹਿਬ ਗੋਡਾ ਦੁੱਖਦਾ ਹੈ ਗਲਾ ਨਹੀਂ। ਡਾਕਟਰ ਝਿੜਕ ਕੇ ਕਹਿੰਦਾ ਹੈ ਕਿ ਡਾਕਟਰ ਤੂੰ ਹੈ ਕਿ ਮੈਂ? ਜਾਹ ਭੱਜ ਜਾਹ। ਫੇਰ ਦੂਜਾ ਮਰੀਜ਼ ਆਉਂਦਾ ਹੈ,"ਡਾਕਟਰ ਸਾਹਿਬ ਬਹੁਤ ਜ਼ੋਰ ਦਾ ਬੁਖਾਰ ਚੜ੍ਹਿਆ ਹੈ, ਕਾਂਬਾ ਲੱਗਦਾ ਹੈ"। ਡਾਕਟਰ ਕਹਿੰਦਾ ਜਾਹ ਲੂਣ ਵਾਲੇ ਪਾਣੀ ਦੇ ਗਰਾਰੇ ਕਰ। ਤੀਸਰਾ ਐਮ.ਟੀ. (ਮਿਲਟਰੀ ਟਰਾਂਸਪੋਰਟ) ਦਾ ਜਵਾਨ ਡਰਾਈਵਰ ਆਉਂਦਾ ਹੈ, "ਸਾਹਿਬ ਮੇਰੀ ਗੱਡੀ ਸਟਾਰਟ ਨਹੀਂ ਹੋ ਰਹੀ। ਡਾਕਟਰ ਮੇਜਰ ਸਾਹਿਬ ਕਹਿੰਦੇ ਨੇ ਗੱਡੀ ਨੂੰ ਲੂਣ ਵਾਲੇ ਪਾਣੀ ਦੇ ਗਰਾਰੇ ਕਰਾ। ਡਰਾਈਵਰ ਕਹਿੰਦਾ ਸਾਹਿਬ ਇਹ ਗੱਡੀ ਹੈ ਬੰਦੇ ਦਾ ਸਰੀਰ ਨਹੀਂ। ਮੇਜਰ ਸਾਹਿਬ ਕਹਿੰਦੇ ਕੋਈ ਗੱਲ ਨਹੀਂ ਲੂਣ ਜ਼ਰਾ ਜ਼ਿਆਦਾ ਪਾ ਲਵੀਂ।" ਸਿਆਣੇ ਜਰਨੈਲ ਨੂੰ ਜਵਾਨਾਂ ਦੀ ਰਮਜ਼ ਸਮਝਣ ਵਿੱਚ ਦੇਰ ਨਹੀਂ ਲੱਗੀ। ਦੂਸਰੇ ਦਿਨ ਉਸ ਨੂੰ ਪੇਸ਼ੀ ਤੇ ਬੁਲਾ ਲਿਆ ਸੀ ਤੇ ਉਸਦੀ ਏ.ਸੀ.ਆਰ. (ਸਾਲਾਨਾ ਕਰੈਕਟਰ ਰਿਪੋਰਟ) ਵਿੱਚ ਲਿਖ ਦਿੱਤਾ ਸੀ ਕਿ ਇਹ ਦਵਾਈਆਂ ਵੇਚਦਾ ਹੈ। ਪੂਰਬੀ ਪਾਕਿ-ਸਤਾਨ (ਅੱਜ ਕੱਲ੍ਹ ਬੰਗਲਾ ਦੇਸ਼) ਦੇ ਹਾਲਾਤ ਵਿਸਫੋਟਕ ਹੋ ਰਹੇ ਸਨ। ਸਾਡੇ ਨੌਂ ਡਿਵੀਜ਼ਨ ਨੂੰ ਵੀ ਕਲਕੱਤੇ ਪੁੱਜਣ ਦਾ ਆਰਡਰ ਆ ਗਿਆ।

ਅਸੀਂ ਪਰਿਵਾਰਾਂ ਨੂੰ ਘਰੀਂ ਵੀ ਨਾ ਭੇਜ ਸਕੇ ਤੇ ਸਿੱਧੇ ਕਲਕੱਤੇ ਨੂੰ ਚੱਲ ਪਏ। ਸਾਡੀ ਪਲਟਨ ਨੂੰ ਡਨਲਪ ਏਰੀਏ ਵਿੱਚ ਲਾਇਆ ਗਿਆ। ਅੱਜ ਵੀ ਉਹ ਸਾਰਾ ਮੰਜ਼ਰ ਅੱਖਾਂ ਅੱਗੇ ਘੁੰਮਦਾ ਹੈ। ਜਿੱਥੇ ਸਾਨੂੰ ਤੰਬੂ ਲਾਉਣ ਲਈ ਥਾਂ ਮਿਲੀ ਉਹ ਬਿਲਕੁਲ ਡਨਲਪ ਫੈਕਟਰੀ ਦੇ ਫੈਮਿਲੀ ਕੁਆਟਰਾਂ ਦੇ ਕੋਲ ਇਕ ਗਰਾਊਂਡ ਸੀ। ਇਸ ਲਈ ਸ਼ਾਮ ਨੂੰ ਕੀਰਤਨ ਦੇ ਸਮੇਂ ਸਿਵਲੀਅਨ ਵੀ ਬਹੁਤ ਆਉਣ ਲੱਗ ਪਏ। ਖਾਸ ਕਰਕੇ ਬੀਬੀਆਂ। ਜਦੋਂ ਸ਼ਾਮ ਨੂੰ ਸਪੀਕਰ ਤੇ ਹਰਮੋਨੀਅਮ ਤੇ ਬੀਨ ਵਜਾਉਣੀ ਤਾਂ ਸੰਗਤਾਂ ਆਉਣੀਆਂ ਸ਼ੁਰੂ ਹੋ ਜਾਣੀਆਂ। ਬੀਬੀਆਂ ਦੀ ਗਿਣਤੀ ਇਸ ਲਈ ਜ਼ਿਆਦਾ ਹੁੰਦੀ ਕਿ ਇਕ ਤਾਂ ਇਹ ਵਧੇਰੇ ਧਾਰਮਿਕ ਹੁੰਦੀਆਂ ਨੇ ਦੂਸਰੇ ਸ਼ਾਮ ਨੂੰ ਕੰਮ ਤੋਂ ਥੱਕੇ ਬੰਦਿਆਂ ਨੇ ਘੁੱਟ ਘੁੱਟ ਲਾਈ ਹੋਣੀ ਇਸ ਲਈ ਉਹ ਬਹੁਤ ਘੱਟ ਆਉਂਦੇ ਪਰ ਬਾਹਰ ਗਰਾਊਂਡ ਵਿਚ ਬੈਠ ਕੇ ਸੁਣ ਦੇ ਜ਼ਰੂਰ। ਕਦੇ ਕਦੇ ਮੈਨੂੰ ਮਖੌਲ ਵੀ ਕਰ ਲੈਣਾ, ਗਿਆਨੀ ਜੀ! ਕੀਰਤਨ ਥੋੜ੍ਹਾ ਲੇਟ ਸ਼ੁਰੂ ਕਰਿਆ ਕਰੋ, ਤੁਹਾਡਾ ਵਾਜਾ ਵੱਜਦਾ ਤਾਂ ਸਾਡੀਆਂ ਘਰ ਵਾਲੀਆਂ ਰੋਟੀਆਂ ਛੱਡ ਕੇ ਤੁਰ ਪੈਂਦੀਆਂ। ਸਾਨੂੰ ਰੋਟੀ ਤਾਂ ਖਾ ਲੈਣ ਦਿਆ ਕਰੋ। ਡਨਲਪ ਵਾਲਿਆਂ ਨਾਲ ਪਿਆਰ ਅੱਜ ਤੱਕ ਬਣਿਆ ਹੋਇਆ ਹੈ।

ਸੰਨ 1971 ਵਿਚ ਪਹਿਲੀ ਵਾਰ ਵਿਸਾਖੀ 14 ਅਪ੍ਰੈਲ ਦੀ ਆਈ ਸੀ। ਗਿਆਰਾਂ ਅਪ੍ਰੈਲ ਨੂੰ ਸਿਵਲ ਸੰਗਤ ਦੇ ਸਹਿਯੋਗ ਦੇ ਨਾਲ ਗੁਰਦੁਆਰਾ ਸਾਹਿਬ ਜੋ ਇਕ ਵੱਡੇ ਤੰਬੂ ਵਿਚ ਸੀ। ਖੂਬ ਸਜਾਇਆ ਗਿਆ। ਸਵੇਰ ਨੂੰ ਅਖੰਡ ਪਾਠ ਰੱਖਣਾ ਸੀ। ਅਚਾਨਕ ਰਾਤ ਨੂੰ ਨੌ ਵਜੇ ਮੂਵ ਦੇ ਆਰਡਰ ਆ ਗਏ। ਪਲਟਨ ਨੇ ਕ੍ਰਿਸ਼ਨਾ ਨਗਰ ਜਾਣਾ ਸੀ। ਜਦੋਂ ਨਫਰੀ ਫਾਲਨ ਕਰਕੇ ਗਿਣਨੀ ਸ਼ੁਰੂ ਕੀਤੀ ਤਾਂ ਬਾਰਾਂ ਤੇਰਾਂ ਜਣੇ ਘੱਟ। ਉਸ ਵੇਲੇ ਕਮਾਂਡ ਲੈਫਟੀਨੈਂਟ ਕਰਨਲ ਆਰ.ਕੇ.ਸਿੰਘ ਕਰ ਰਹੇ ਸਨ ਤੇ 2.ੀ.ਛ. (ਸੈਕਿੰਡ-ਇਨ-ਕਮਾਂਡ) ਮੇਜਰ ਇੰਦਰਜੀਤ ਸਿੰਘ ਸਨ। ਅਫ਼ਸਰ ਘਬਰਾ ਗਏ। ਲਾਲ ਬੱਤੀ ਏਰੀਏ 'ਚ ਛਾਪਾ ਮਾਰੀ ਕੀਤੀ। ਸਭ ਪਕੜੇ ਗਏ। ਕਿਸੇ ਨੂੰ ਪਿੱਠੂ, ਕਿਸੇ ਨੂੰ ਕੁਆਟਰ ਗਾਰਡ ਕਿਸੇ ਦੀ ਫੀਤੀ ਕੱਟ ਦਿੱਤੀ। ਇੱਕ ਲਾਂਇਸ ਨਾਇਕ ਸੀ ਧਰਮ ਚੰਦ ਉਹ ਗੁਰਦੁਆਰੇ, ਮੰਦਰ ਤੇ ਆਮ ਫੰਕਸ਼ਨਾਂ ਵਿਚ ਢੋਲਕੀ ਬੜੀ ਵਧੀਆ ਵਜਾਉਂਦਾ ਹੁੰਦਾ ਸੀ। ਉਹ ਵੀ ਵਿੱਚ ਹੀ ਸੀ। ਜਦੋਂ ਉਹਦੀ ਪੇਸ਼ੀ ਹੋਈ ਤਾਂ ਗੁੱਸੇ ਵਿੱਚ ਭਰੇ ਪੀਤੇ ਕਰਨਲ ਸਾਹਿਬ ਕਹਿੰਦੇ ਸ਼ਰਮ ਨਹੀਂ ਆਈ ਗੁਰਦੁਆਰੇ, ਮੰਦਰਾਂ ਵਿੱਚ ਢੋਲਕੀ ਵਜਾਉਂਦਾ ਕਿਥੋਂ ਫੜਿਆ ਗਿਆ। ਅੱਗੋਂ ਸਾਵਧਾਨ ਹੋਕੇ ਕਹਿਣ ਲੱਗਾ, "ਸਾਹਿਬ ਫੜਿਆ ਜ਼ਰੂਰ ਗਿਆ ਹਾਂ,



ਪਰ ਮੈਂ ਕੀਤਾ ਕੁਝ ਨਹੀਂ। ਕਰਨਲ ਸਾਹਿਬ ਕਹਿੰਦੇ ਕਿਉਂ ਝੂਠ ਬੋਲਦਾ? ਕੀ ਕਰਨ ਗਿਆ ਸੀ ਉੱਥੇ? ਕਹਿੰਦਾ ਜੀ ਗਿਆ ਤਾਂ ਇਸੇ ਕੰਮ ਲਈ ਸੀ। ਪਰ ਮੈਂ ਜਿਸ ਵੀ ਕਮਰੇ ਦਾ ਬੂਹਾ ਖੜਕਾਇਆ, ਅਗਿਓਂ ਆਪਣਾ ਹੀ ਭਾਈ ਬੰਦ ਬੋਲਦਾ "ਗਰਾਂਈ ਠਹਿਰ ਜ਼ਰਾ।" ਬਸ ਜੀ ਦਰਵਾਜ਼ੇ ਖੜਕਾਉਂਦਾ ਹੀ ਅੜਿੱਕੇ ਆ ਗਿਆ। ਕਰਨਲ ਸਾਹਿਬ ਨੂੰ ਗੁੱਸੇ ਵਿੱਚ ਵੀ ਹਾਸਾ ਆ ਗਿਆ। ਹੱਸ ਕੇ ਕਹਿੰਦੇ ਜਾਹ ਦਫ਼ਾ ਹੋ।

### ਕ੍ਰਿਸ਼ਨਾ ਨਗਰ ਤੋਂ ਕਲਿਆਣੀ

ਕਰਨਲ ੍.ਖ. ਸ਼ਨਿਗਹ (ਰਾਜ ਕੁਮਾਰ ਸਿੰਘ) ਜਨੂੰਨੀ ਕਿਸਮ ਦਾ ਅਫ਼ਸਰ ਸੀ। ਜੋ ਮਨ ਵਿੱਚ ਆ ਗਿਆ ਉਹ ਕਰਨਾ ਹੀ ਕਰਨਾ ਹੈ। ਭਾਵੇਂ ਗ਼ਲਤ ਹੀ ਕਿਉਂ ਨਾ ਹੋਵੇ। ਡਨਲਪ ਤੋਂ ਪਲਟਨ ਕ੍ਰਿਸ਼ਨਾ ਨਗਰ ਆ ਗਈ। ਇਥੇ ਕੁਝ ਸਮਾਂ ਇੱਕ ਕਾਲਜ ਦੀ ਇਮਾਰਤ ਵਿੱਚ ਗੁਜ਼ਾਰ ਕੇ ਅਸੀਂ ਕਲਿਆਣੀ (ਬੰਗਾਲ ਦਾ ਇਕ ਕਸਬਾ) ਆ ਗਏ। ਆਰਡਰ ਕਰ ਦਿੱਤਾ ਜਦੋਂ ਵੀ ਦਸ ਜੁਆਨ ਜਾਂ ਇਸ ਤੋਂ ਵੱਧ ਐਕਸਰਸਾਈਜ਼ ਲਈ ਜਾਂਦੇ ਹਨ। ਅਰਦਾਸ ਕਰਕੇ ਹੀ ਜਾਇਆ ਕਰਨਗੇ। ਮੈਂ ਤੇ ਪੰਡਿਤ ਜੀ ਕੋਤਾਂ, (ਜਿੱਥੇ ਹਥਿਆਰ ਰੱਖੇ ਜਾਂਦੇ ਹਨ) ਵਿੱਚ ਹੀ ਘੜੀ ਘੜੀ ਆਉਂਦੇ ਜਾਂਦੇ ਰਹੀਏ। ਹਾਲਾਤ ਇਹ ਹੋ ਗਏ ਕਿ ਅਰਦਾਸ ਮਖੌਲ ਬਣ ਗਈ। ਲੌਢੇ ਵੇਲੇ ਜਦੋਂ ਚਾਹ ਆਦਿ ਪੀਕੇ ਜਵਾਨ ਲੈਟਰੀਨ ਜਾਂਦੇ ਤਾਂ ਸਾਨੂੰ ਦੇਖ ਕੇ ਕਹਿਣਾ ਬਾਬਾ ਜੀ ਅਰਦਾਸ ਕਰਿਓ ਅਸੀਂ ਦਸਾਂ ਬੰਦਿਆਂ ਤੋਂ ਵੱਧ ਲੈਟਰੀਨ ਜਾ ਰਹੇ ਹਾਂ। ਬਹੁਤ ਹੀ ਦੁੱਖ ਹੋਣਾ। ਮੈਂ ਪੰਡਿਤ ਜੀ ਨੂੰ ਕਿਹਾ ਚੱਲੋ ਕਰਨਲ ਸਾਹਿਬ ਨਾਲ ਗੱਲ ਕਰੀਏ ਕਿ ਅਰਦਾਸ ਨੂੰ ਮਖੌਲ ਨਾ ਬਣਾਓ। ਉਹ ਸਿਪਾਹੀ ਤੋਂ ਨਾਇਬ ਸੂਬੇਦਾਰ ਬਣੇ ਸਨ। ਬਹੁਤ ਹੀ ਡਰੂ ਕਿਸਮ ਦੇ ਸਨ। ਮੈਨੂੰ ਕਹਿਣ ਲੱਗੇ ਗਿਆਨੀ ਜੀ ਤੈਂ ਨੌਕਰੀ ਕਰਨੀ ਨਹੀਂ ਮੈਨੂੰ ਕਰਨ ਨਹੀਂ ਦੇਣੀ। ਉਨ੍ਹਾਂ ਨੇ ਮੰਨਣਾ ਨਹੀਂ ਨਾਲੇ ਉਹਨਾਂ ਦੇ ਸਾਹਮਣੇ ਮੈਂ ਗੱਲ ਨਹੀਂ ਕਰ ਸਕਦਾ। ਮੈਂ ਕਿਹਾ ਤੁਸੀਂ ਚੱਲੋ ਤਾਂ ਸਹੀ ਗੱਲ ਮੈਂ ਆਪ ਕਰਾਂਗਾ। ਉਹ ਬੱਧੇ ਰੁੱਧੇ ਮੇਰੇ ਨਾਲ ਤੁਰ ਪਏ। ਤੰਬੂ ਕੋਲ ਗਏ ਤਾਂ ਅਰਦਲੀ ਨੇ ਕਰਨਲ ਸਾਹਿਬ ਨੂੰ ਦੱਸਿਆ। ਉਨ੍ਹਾਂ ਸਾਨੂੰ ਅੰਦਰ ਹੀ ਬੁਲਾ ਲਿਆ ਤੇ ਚਾਹ ਦਾ ਆਰਡਰ ਕਰ ਦਿੱਤਾ ਬੜੇ ਪਿਆਰ ਨਾਲ ਪੁੱਛਿਆ,"ਦੱਸੋ ਕਿਵੇਂ ਆਏ ਹੋ? ਮੈਂ ਉਨ੍ਹਾਂ ਨੂੰ ਕਿਹਾ ਕਿ ਕਰਨਲ ਸਾਹਿਬ ਅਰਦਾਸ ਇਕ ਪੱਵਿਤਰ ਸ਼ਬਦ ਹੈ ਤੇ ਸਾਡੀ ਅਧਿਆਤਮਕਤਾ ਨਾਲ ਜੁੜੀ ਹੋਈ ਹੈ। ਪਰ ਹੁਣ ਇਹ ਮਖੌਲ ਦਾ ਕਾਰਨ ਬਣ ਗਈ ਹੈ। ਇਸਨੂੰ ਬੰਦ ਕਰ ਦਿੱਤਾ ਜਾਵੇ। ਗੁੱਸੇ ਵਿੱਚ ਆਕੇ ਮੈਨੂੰ ਕਹਿਣ ਲੱਗੇ, ਤੁਹਾਨੂੰ ਤਨਖਾਹ ਕਿਸ ਗੱਲ ਦੀ ਮਿਲਦੀ ਹੈ? ਇਹ ਮੇਰਾ ਆਰਡਰ ਹੈ, ਅਰਦਾਸ ਇਵੇਂ ਹੀ ਹੋਇਆ ਕਰੇਗੀ। ਤੁਸੀਂ ਜਾ ਸਕਦੇ ਹੋ। ਬਾਹਰ ਆਕੇ ਪੰਡਿਤ ਜਸਵੰਤ ਕੁਮਾਰ ਕਹਿਣ ਲੱਗੇ, ਕਿਉਂ ਲੈ ਲਿਆ ਸਵਾਦ। ਹੁਣ ਦੱਸੋ। ਮੈਂ ਕਿਹਾ ਹੁਣ ਮੈਂ ਆਪਣੇ ਗੁਰੂ ਪਾਤਸ਼ਾਹ ਨੂੰ ਪੁਛਾਂਗਾ। ਜੋ ਉਸਦਾ ਹੁਕਮ ਹੋਵੇਗਾ ਕੇਵਲ ਸਿੰਘ ਓਵੇਂ ਹੀ ਕਰੇਗਾ। ਵਾਪਸ ਆਪਣੇ ਤੰਬੂ ਵਿੱਚ ਆ ਗਿਆ। ਸ਼ਾਮ ਨੂੰ ਗੁਰਦੁਆਰੇ ਅਰਦਾਸ ਕਰਕੇ ਗੁਰੂ ਤੋਂ ਬਲ ਮੰਗਿਆ ਤੇ ਮਾਰਗ ਦਰਸ਼ਨ ਲਈ ਬੇਨਤੀ ਕੀਤੀ। ਮੇਰੇ ਮਨ ਤੋਂ ਮਣਾ ਮੂੰਹੀਂ ਭਾਰ ਲਹਿ ਗਿਆ। ਸਵੇਰੇ ਗੁਰਦੁਆਰੇ ਆ ਗਿਆ ਤੇ ਕੋਤਾਂ ਨੂੰ ਨਾ ਗਿਆ। ਪੰਡਿਤ ਜੀ ਉਥੇ ਪਹੁੰਚ ਗਏ ਸਨ। ਪਰ ਮੈਂ ਨਹੀਂ ਸੀ ਗਿਆ। ਸੂਬੇਦਾਰ ਮੇਜਰ ਅਮਰਜੀਤ ਸਿੰਘ ਸਾਹਿਬ ਨੇ ਹੌਲਦਾਰ ਮੇਜਰ ਮੇਰੇ ਕੋਲ ਭੇਜਿਆ ਕਿ ਛੇਤੀ ਆ ਜਾਓ। ਕਰਨਲ ਸਾਹਿਬ ਬਹੁਤ ਹਰਖੇ ਹੋਏ ਹਨ। ਮੈਂ ਸਖਤੀ ਨਾਲ ਜੁਆਬ ਦਿੱਤਾ, "ਅਰਦਾਸ ਕਰਾਉਣੀ ਹੈ ਤਾਂ ਗੁਰੂ ਘਰ ਆਓ। ਕੇਵਲ ਸਿੰਘ ਉੱਥੇ ਨਹੀਂ ਜਾਇਗਾ।" ਉਸ ਨੇ ਜਾ ਕੇ ਦੱਸਿਆ ਕਿ ਗਿਆਨੀ ਜੀ ਕਹਿੰਦੇ ਨੇ ਮੈਂ ਨਹੀਂ ਆਉਣਾ, ਤੁਸੀਂ ਗੁਰੂ ਘਰ ਆਓ। ਕਰਨਲ ਸਾਹਿਬ ਨੇ ਸੂਬੇਦਾਰ ਮੇਜਰ ਅਮਰਜੀਤ ਸਿੰਘ ਨੂੰ ਹੁਕਮ ਦਿੱਤਾ ਕਿ ਗਿਆਨੀ ਜੀ ਨੂੰ ਕਹੋ ਵਰਦੀ ਪਾ ਕੇ ਠੀਕ ਗਿਆਰਾਂ ਵਜੇ ਦਫ਼ਤਰ ਪੇਸ਼ੀ ਤੇ ਆਉਣਾ। ਉਨ੍ਹਾਂ ਇੱਕ ਸੂਬੇਦਾਰ ਉਜਾ-ਗਰ ਸਿੰਘ (ਜੋ ਟੂ ਇੰਚ ਮਾਰਟਰ) ਦੇ ਪਲਟੂਨ ਕਮਾਂਡਰ ਸਨ ਨੂੰ ਅਰਦਾਸ ਕਰਨ ਲਈ ਹੁਕਮ ਦਿੱਤਾ। ਪੰਡਿਤ ਜੀ ਨੇ ਡੋਗਰਿਆਂ ਲਈ ਤੇ ਸੂਬੇਦਾਰ ਉਜਾਗਰ ਸਿੰਘ ਸਾਹਿਬ ਨੇ ਸਿੱਖਾਂ ਦੀ ਇਕ ਪਲਟੂਨ ਲਈ ਅਰਦਾਸ ਕੀਤੀ। ਕਰਨੀ ਵਾਹਿਗੁਰੂ ਦੀ, ਕਲਿਆਣੀ ਰੇਲਵੇ ਸਟੇਸ਼ਨ ਤੇ ਜੋ ਗੱਡੀਆਂ ਆਉਂਦੀਆਂ ਜਾਂਦੀਆਂ ਸਨ, ਉਹ ਇਲੈਕਟਰਿਕ ਨਾਲ ਚੱਲਦੀਆਂ ਨੇ ਦੋਵੇਂ ਕੰਪਨੀਆਂ ਰੇਲਵੇ ਲਾਈਨ ਦੇ ਨਾਲ ਨਾਲ ਚੱਲ ਰਹੀਆਂ ਸਨ। ਡੈਲਟਾ ਕੰਪਨੀ ਦਾ ਇਕ ਜਵਾਨ (ਡੋਗਰਾ) ਰਾਈਫਲ ਨੂੰ ਦੋ ਕੰਧਿਆਂ ਉੱਤੇ ਰੱਖਕੇ ਜਾ ਰਿਹਾ ਸੀ। ਟਰੇਨ ਦੀ ਤੇਜ਼ ਹਵਾ ਨਾਲ ਪਟੜੀ ਤੇ ਡਿੱਗ ਪਿਆ ਤੇ ਮੌਕੇ ਤੇ ਹੀ ਮੌਤ ਹੋ ਗਈ। ਸੀ (ਛ) ਕੰਪਨੀ ਦੇ ਕੰਪਨੀ ਕਮਾਂਡਰ ਮੇਜਰ (ਬਾਅਦ ਵਿੱਚ ਲੈਫਟੀਨੈਂਟ ਕਰਨਲ) ਨਰਿੰਦਰਜੀਤ ਸਿੰਘ ਬੈਂਸ ਸੀ.ਓ (ਕਮਾਡਿੰਗ ਔਫ਼ੀਸਰ) ਨੂੰ ਕਹਿਣ ਲੱਗੇ ਕਿ ਇਹ ਅਰਦਾਸ ਦੇ ਮਜ਼ਾਕ ਦਾ ਨਤੀਜਾ ਹੈ। ਕਰਨਲ ਆਰ.ਕੇ.ਸਿੰਘ ਆਪ ਚੱਲਕੇ ਗੁਰਦੁਆਰੇ ਆਏ ਤੇ ਕਹਿਣ ਲੱਗੇ, ਕਿ ਗਿਆਨੀ ਜੀ ਅੱਗੇ ਤੋਂ ਜਦੋਂ ਤੁਸੀਂ ਕਹੋਗੇ ਅਰਦਾਸ ਉਦੋਂ ਹੀ ਹੋਵੇਗੀ।

49 YEARS OF EXCELLENCE
THE LINK GROUP
PUNJAB LINK
ਪੰਜਾਬ ਲਿੰਕ
North America's Largest Distributed Weekly Newspaper
Published by : Punjab Link Newspaper Ltd.
604-503-5465 (LINK)

PUNJAB LINK SALES TEAM


Rakesh Puri
604-377-4085


Amarjit Singh
778-908-0523


Hardam S. Maan
604-308-6663


Shashi Madan
604-367-5611

www.punjablinkpaper.com | Email : ads@punjablinkpaper.com | Suite : 201-12732-80th Ave, Surrey B.C. V3W 3A7

ਪੰਜਾਬ ਲਿੰਕ ਵਿੱਚ ਛਪੇ ਕਿਸੇ ਮੈਟਰ ਨਾਲ ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।


ਸਪੈਸ਼ਲ ਸੇਲ !
www.dream-carpets.com
dream
carpets
Shaw FLOORS
Ansonylon
STAINMASTER CARPET
ClearTouch
from $1.98 SF
Berber
Installed
Textured Saxony
Installed
from $2.28 SF
ਘੱਟ ਕੀਮਤਾਂ ਦੀ ਗਰੰਟੀ ਕਰਦੇ ਹਾਂ
Where The Builders Buy!
NEW HOME SPECIALISTS
Laminate Floor
8.3mm thick
25 years warranty
Click Do It Yourself
German technology
.99 cent
Commercial Carpet
Starts From
.78 cent
Berber
Starts From
.78 cent
Area Rug (5x8)
Starts From
$68
NOBODY KNOWS FLOORING LIKE DREAM CARPETS
SERVING WESTERN CANADA FOR OVER 38 YEARS
VANCOUVER
815 Terminal Ave.
604-687-5888
Monday to Saturday
9:00-5:30
Sunday 11:00-5:00
Ashok
SURREY / DELTA
8385 - 120th Street
604-572-8788
Monday to Saturday
9:00-5:30
Sunday Closed
Perry
RICHMOND
12180 Bridgeport Rd.
604-273-7888
Monday to Saturday
9:00-5:30
Sunday 11:00-5:00
Butch

# ਦੁੱਖ-ਸੁੱਖ ਮੇਰੇ ਆਪਣੇ ਹਨ, ਇਸ ਵਿਚ ਕਿਸੇ ਦਾ ਦੋਸ਼ ਨਹੀਂ ?

**ਹਰਚਰਨ ਸਿੰਘ ਪ੍ਰਹਾਰ**

ਗੁਰਬਾਣੀ ਦੀਆਂ ਇਨ੍ਹਾਂ ਤੁਕਾਂ ਦਾ ਅੱਖਰੀ ਅਰਥ ਇਹ ਪ੍ਰਚਲਿਤ ਹੈ ਕਿ ਰੱਬ ਨੇ ਜਿਸ ਤਰ੍ਹਾਂ ਸਾਡੇ ਲੇਖਾਂ (ਭਾਵ ਕਿਸਮਤ) ਵਿੱਚ ਲਿਖਿਆ ਹੈ, ਸਾਡਾ ਜੀਵਨ ਉਸੇ ਤਰ੍ਹਾਂ ਚੱਲਦਾ ਹੈ। ਇਸ ਨਾਲ ਆਮ ਵਿਅਕਤੀ ਪ੍ਰਭਾਵ ਲੈਂਦਾ ਹੈ ਕਿ ਰੱਬ ਨੇ ਮੇਰੀ ਕਿਸਮਤ ਵਿੱਚ ਹੀ ਅਜਿਹਾ ਲਿਖਿਆ ਹੈ ?

ਜੇ ਦੁੱਖ ਆਉਂਦਾ ਹੈ ਤਾਂ ਰੱਬ ਨੂੰ ਕੋਸਦਾ ਹੈ ਕਿ ਰੱਬ ਨੇ ਉਸਦੀ ਮਾੜੀ ਕਿਸਮਤ ਲਿਖੀ ਹੈ ? ਜੇ ਸੁੱਖ ਹੁੰਦਾ ਹੈ ਤਾਂ ਸਮਝਦਾ ਹੈ ਕਿ ਉਸਦੀ ਕਿਰਪਾ ਹੈ ?

ਪਰ ਬਹੁਤੇ ਲੋਕ ਇਸ ਗੱਲ ਨੂੰ ਨਹੀਂ ਸਮਝਦੇ ਕਿ ਰੱਬ ਕੋਲ ਕਿਸੇ ਦੀ ਕਿਸਮਤ ਵਿੱਚ ਦੁੱਖ ਜਾਂ ਸੁੱਖ ਦਾ ਕੋਈ ਤਾਂ ਅਧਾਰ ਹੋਵੇਗਾ ? ਐਵੇਂ ਤਾਂ ਕਿਸੇ ਨੂੰ ਸੁੱਖ ਤੇ ਕਿਸੇ ਨੂੰ ਦੁੱਖ ਨਹੀਂ ਮਿਲ ਸਕਦੇ ?

ਇਸਦੇ ਉਲਟ ਤਰਕਸ਼ੀਲ ਜਾਂ ਨਾਸਤਿਕ ਕਹਿੰਦੇ ਹਨ ਕਿ ਕਿਸਮਤ ਕੁਝ ਨਹੀਂ ਹੁੰਦੀ, ਕੋਈ ਰੱਬ ਨੀ ਹੁੰਦਾ, ਬੰਦਾ ਆਪ ਹੀ ਸਭ ਕੁਝ ਕਰਨ ਵਾਲਾ ਹੈ, ਆਪ ਹੀ ਆਪਣੀ ਕਿਸਮਤ ਲਿਖਣ ਵਾਲਾ ਹੈ। ਅਸਲ ਵਿੱਚ ਇੱਕ ਪੱਖ ਤੋਂ ਦੋਨਾਂ ਦੀਆਂ ਗੱਲਾਂ ਠੀਕ ਹਨ ਤੇ ਦੂਜੇ ਪੱਖ ਤੋਂ ਦੋਨੋ ਗਲਤ ਹਨ। ਦੋਨਾਂ ਕੋਲ ਅਧੂਰੀ ਜਾਣਕਾਰੀ ਹੋਣ ਕਰਕੇ ਇੱਕ ਦੂਜੇ ਦੇ ਵਿਰੋਧ ਵਿੱਚ ਤੇ ਦੋਨੋ ਪੱਖ ਵੀ ਵਿਰੋਧੀ ਲੱਗਦੇ ਹਨ। ਅਸੀਂ ਸਾਰੇ ਜਨਮ ਤੋਂ ਹੀ ਸ਼ਕਲ, ਅਕਲ, ਦਿਮਾਗ, ਡੀ ਐਨ ਏ, ਬਲੱਡ ਗਰੁੱਪ, ਸੁਭਾਅ ਪੱਖੋਂ ਅਲੱਗ ਹਾਂ। ਇਸ ਅਲੱਗਪਨ ਜਾਂ ਅਨੂਠੇਪਨ ਦਾ ਕੋਈ ਕਾਰਨ ਹੈ, ਇਹ ਕਾਰਨ ਵਿਗਿਆਨਵਾਦੀ ਸਿਰਫ ਜਨੈਟਿਕ ਹੀ ਸਮਝਦੇ ਹਨ, ਪਰ ਉਨ੍ਹਾਂ ਨੂੰ ਦੂਜੇ ਪੱਖ ਦੀ ਸਮਝ ਨਹੀਂ ਹੈ। ਵੱਖਰੇਪਨ ਦਾ ਕਾਰਨ ਸਿਰਫ ਜਨੈਟਿਕ ਨਹੀਂ ਹੈ, ਪਰ ਵਿਗਿਆਨਵਾਦੀਆਂ ਦਾ ਹੰਕਾਰਵਾਦ ਉਨ੍ਹਾਂ ਨੂੰ ਦੂਜਾ ਪੱਖ ਦੇਖਣ ਨਹੀਂ ਦਿੰਦਾ। ਧਰਮ ਗੁਰੂਆਂ ਦਾ ਸਿਰਫ ਮੰਨਣਾ ਹੀ ਨਹੀਂ, ਸਗੋਂ ਵਿਗਿਆਨਵਾਦੀਆਂ ਵਾਂਗ ਪ੍ਰਯੋਗ ਆਧਾਰਿਤ ਅਨੁਭਵ ਹੈ ਕਿ ਇਹ ਜੀਵਨ ਮੈਟਰ ਵਾਂਗ ਖਤਮ ਹੋ ਕੇ ਵੀ ਖਤਮ ਨਹੀਂ ਹੁੰਦਾ, ਇੱਕ ਮਹਾਂ ਜੀਵਨ ਦੀ ਖੇਡ ਚੱਲ ਰਹੀ ਹੈ, ਜੋ ਕਿਸੇ ਰੱਬ ਦੇ ਫ਼ੈਸਲੇ ਜਾਂ ਹੁਕਮ ਅਨੁਸਾਰ ਨਹੀਂ, ਸਾਡੇ ਕਰਮਾਂ (ਐਕਸ਼ਨ) ਆਧਾਰਿਤ ਹੈ, ਅਸੀਂ ਆਪਣੀ ਸੀਮਤ ਬੁੱਧੀ ਨਾਲ ਸਿਰਫ ਇਸ ਜੀਵਨ ਦਾ ਅਧੂਰਾ ਸੱਚ ਹੀ ਜਾਣਦੇ ਹਾਂ, ਜੀਵਨ ਦਾ ਪੂਰਾ ਸੱਚ ਅੰਤਰ ਯਾਤਰਾ ਦੇ ਅਨੁਭਵ ਨਾਲ ਹੀ ਜਾਣਿਆ ਜਾ ਸਕਦਾ ਹੈ।

ਪਰ ਅਸੀਂ ਸਭ ਕੁਝ ਵਿਗਿਆਨ ਦੀਆਂ ਐਨਕਾਂ ਨਾਲ ਦੇਖਣ ਦੇ ਆਦੀ ਹੋ ਗਏ ਹਾਂ। ਜਦਕਿ ਸਾਇੰਸ ਬਾਹਰੀ ਜਗਤ ਦਾ ਅਧੂਰਾ ਗਿਆਨ ਹੈ ਤੇ ਇਸਨੂੰ ਮੈਟਰ ਵਿਚਲੀ ਚੇਤੰਨਤਾ ਦੀ ਸਮਝ ਨਹੀਂ।

ਇਸ ਲਈ ਤੱਤਸਾਰ ਇਹੀ ਹੈ ਕਿ ਸਾਡੇ ਦੁੱਖਾਂ ਜਾਂ ਸੁੱਖਾਂ ਲਈ ਅਸੀਂ ਹੀ ਜ਼ੁੰਮੇਵਾਰ ਹਾਂ, ਇਹ ਸਭ ਕੁਝ ਐਕਸ਼ਨ ਦੇ ਰਿਐਕਸ਼ਨ ਦੇ ਨਿਯਮ ਅਨੁਸਾਰ ਹੈ, ਪਰ ਇਹ ਖੇਡ ਲੰਬੇ ਸਮੇਂ ਤੋਂ ਨਿਰੰਤਰ ਚੱਲ ਰਹੀ ਹੈ ਤੇ ਇਹ ਜੀਵਨ ਉਸ ਨਿਰੰਤਰ ਯਾਤਰਾ ਦਾ ਇੱਕ ਛੋਟਾ ਜਿਹਾ ਪੜ੍ਹਾਅ ਹੈ। ਜੇ ਇਸ ਸੱਚ ਨੂੰ ਅਨੁਭਵ ਨਾਲ ਜਾਣ ਲਿਆ ਜਾਵੇ ਤਾਂ ਇਹ ਖੇਡ ਬਹੁਤ ਸੁੰਦਰ ਹੋ ਜਾਂਦੀ ਹੈ। ਫਿਰ ਮਨੁੱਖ ਕਹਿ ਉਠਦਾ ਹੈ:

**ਦੱਦਾ ਦੋਸ ਨਾ ਦੇਊ ਕਿਸੈ,**
**ਦੋਸ ਕਰੰਮਾ ਆਪਣਿਆਂ,**
**ਜੋ ਮੈਂ ਕੀਆ, ਸੋ ਮੈਂ ਪਾਇਆ,**
**ਦੋਸ ਨਾ ਦੀਜੈ ਅਵਰ ਜਨਾ।।**

# ਜੀਵਨ ਦੀ ਪ੍ਰੀਖਿਆ ਵਿਚ ਕਾਮਯਾਬ ਹੋਣ ਦੀ ਚੁਣੌਤੀ

ਅਸੀਂ ਜਦ ਵੀ ਕੋਈ ਸਾਮਾਨ ਖ਼ਰੀਦ ਕੇ ਲਿਆਉਂਦੇ ਹਾਂ ਤਾਂ ਉਸ ਦੀਆਂ ਕੁਝ ਕਮੀਆਂ ਦੇ ਬਾਵਜੂਦ ਉਸ ਨਾਲ ਸਮਝੌਤਾ ਕਰ ਕੇ ਤਾਲ ਬਿਠਾ ਲੈਂਦੇ ਹਾਂ। ਓਥੇ ਹੀ ਜਦ ਲੋਕਾਂ ਦੀ ਵਾਰੀ ਆਉਂਦੀ ਹੈ ਤਾਂ ਅਸੀਂ ਅਜਿਹਾ ਕੋਈ ਸਮਝੌਤਾ ਨਹੀਂ ਕਰਦੇ। ਉਨ੍ਹਾਂ ਨੂੰ ਕੋਈ ਰਿਆਇਤ ਨਹੀਂ ਦਿੰਦੇ। ਅਸੀਂ ਲੋਕਾਂ ਨੂੰ ਉਦੋਂ ਤੱਕ ਪੂਰੀ ਤਰ੍ਹਾਂ ਪਸੰਦ ਨਹੀਂ ਕਰਦੇ ਜਦ ਤੱਕ ਕਿ ਉਹ ਸਾਡੀ ਕਸੌਟੀ 'ਤੇ ਪੂਰੀ ਤਰ੍ਹਾਂ ਖ਼ਰੇ ਨਾ ਉਤਰਨ। ਉਨ੍ਹਾਂ ਦੀ ਇਕ ਬੁਰਾਈ ਸਭ ਚੰਗਿਆਈਆਂ 'ਤੇ ਭਾਰੀ ਪੈ ਜਾਂਦੀ ਹੈ। ਅਸੀਂ ਛੋਟੀਆਂ-ਮੋਟੀਆਂ ਗੱਲਾਂ 'ਤੇ ਬੁਰਾ ਮੰਨ ਕੇ ਸਾਲਾਂ ਪੁਰਾਣੇ ਰਿਸ਼ਤੇ ਵਿਗਾੜ ਲੈਂਦੇ ਹਾਂ। ਗੱਲਬਾਤ ਬੰਦ ਕਰ ਲੈਂਦੇ ਹਾਂ। ਇਸੇ ਦਸ ਬਟਾ ਦਸ ਦੇ ਚੱਕਰ ਵਿਚ ਸਭ ਨਾਲ ਦੂਰੀਆਂ ਬਣਾ ਕੇ ਅਸੀਂ ਖ਼ੁਦ ਨੂੰ ਇਕੱਲਾ ਕਰਦੇ ਜਾਂਦੇ ਹਾਂ। ਕੁਝ ਵਕਤ ਬਾਅਦ ਉਹੀ ਨਾਰਾਜ਼ਗੀ ਪਿਘਲ ਕੇ ਹਵਾ ਹੋ ਜਾਂਦੀ ਹੈ। ਉਸ ਵਿਅਕਤੀ ਦੇ ਨਾਲ ਗੁਜ਼ਾਰਿਆ ਗਿਆ ਸਮਾਂ ਯਾਦ ਆਉਣ ਲੱਗਦਾ ਹੈ। ਮਧੁਰ ਯਾਦਾਂ ਹਿਰਦੇ ਦੇ ਤਾਰਾਂ ਨੂੰ ਸੰਪਾਦਿਤ ਕਰਦੀਆਂ ਹਨ ਪਰ ਫਿਰ ਵੀ ਅਸੀਂ ਗੱਲ ਕਰਨ ਦੀ ਪਹਿਲ ਨਹੀਂ ਕਰ ਪਾਉਂਦੇ। ਹਨੇਰੇ ਨੂੰ ਕੋਸਣ ਨਾਲੋਂ ਬਿਹਤਰ ਹੈ ਕਿ ਰੋਸ਼ਨੀ ਦਾ ਕੋਈ ਬਦਲ ਲੱਭਿਆ ਜਾਵੇ ਅਤੇ ਕੁਝ ਨਾ ਸਮਝ ਆਵੇ ਤਾਂ ਬਸ ਸ਼ਾਂਤ ਬੈਠ ਕੇ ਉਡੀਕ ਕਰਦੇ ਰਹੋ ਕਿ ਸਮਾਂ ਆਉਣ 'ਤੇ ਮੌਕਾ ਖ਼ੁਦ ਦਸਤਕ ਦੇ ਕੇ ਸਾਨੂੰ ਸੱਦਾ ਦੇਵੇਗਾ। ਭੁੱਲ ਕੇ ਵੀ ਖ਼ੁਦ ਨੂੰ ਸਰਬੋਤਮ ਸਮਝਣ ਦਾ ਭਰਮ ਨਾ ਪਾਲੋ। ਨਾ ਹੀ ਸਰਬਉੱਚ ਪਾਉਣ ਦੀ ਲਾਲਸਾ ਵਿਚ ਖ਼ੁਦ ਨੂੰ ਉਮੀਦਾਂ ਦੇ ਬੋਝ ਹੇਠਾਂ ਦਬਾ ਕੇ ਜੀਵਨ ਦੇ ਆਨੰਦ ਤੋਂ ਦੂਰ ਕਰ ਦਿਉ। ਜ਼ਰੂਰੀ ਨਹੀਂ ਕਿ ਕੁਝ ਸਾਰਥਕ ਪ੍ਰਾਪਤੀ ਲਈ ਕਿਸੇ ਨਾਲ ਹੋੜ ਹੀ ਕੀਤੀ ਜਾਵੇ। ਜੀਵਨ ਵਿਚ ਕਈ ਸਾਰਥਕ ਵਸਤਾਂ ਤਾਂ ਥੋੜ੍ਹੇ ਜਿਹੇ ਠਹਿਰਾ ਨਾਲ ਹੀ ਹਾਸਲ ਹੋ ਜਾਂਦੀਆਂ ਹਨ। ਜਿਵੇਂ ਸਕੂਨ, ਸ਼ਾਂਤੀ ਅਤੇ ਪਰਮਾਤਮਾ। ਦੂਜਿਆਂ ਦੀ ਨਕਲ ਕਰਨ ਦਾ ਯਤਨ ਤਾਂ ਕਦੇ ਵੀ ਨਹੀਂ ਕਰਨਾ ਚਾਹੀਦਾ। ਇਹ ਸਕੂਲ ਨਹੀਂ ਬਲਕਿ ਜੀਵਨ ਦਾ ਇਮਤਿਹਾਨ ਹੈ। ਇੱਥੇ ਸਾਰਿਆਂ ਨੂੰ ਵੱਖ-ਵੱਖ ਪ੍ਰਸ਼ਨ ਪੱਤਰ ਮਿਲੇ ਹਨ ਤਾਂ ਉਨ੍ਹਾਂ ਦੇ ਉੱਤਰ ਵੀ ਕਿਸੇ ਇਕ ਦੇ ਜੀਵਨ ਦੇ ਅਨੁਸਾਰ ਨਹੀਂ ਹੋ ਸਕਦੇ। ਇੱਥੇ ਸਾਰਿਆਂ ਨੇ ਆਪੋ-ਆਪਣੇ ਉੱਤਰ ਲੱਭਣੇ ਹਨ।




NORTHCOAST LUMBER 1
CALL THE TRUE CONTRACTORS YARD TODAY
604-597-8884
*5 Acres of Lumber
*Landscape Materials
*Treated Lumber
*Plywood/OSB
*Versalam/BCI Joist
*Full Hardware Store
*12 Lumber Trucks




14682 - 66th Ave, Surrey, BC, V3S 1Z9
Fax: 604-597-0854
www.lumber1.ca/contractor

METRO CONTRACTING LTD.
Excavation
Demolition
Sand & Gravel
Drain tikes
Back Fill
Trucking
Backhoe Service
Land Clearing
Hourly or Contract




Residential & Commercial
Gurvinder Sanghera: 604-729-1435
Email: gsanghera77@gmail.com






# ਬੱਚਿਆਂ ਵਿਚ ਕੰਨਾਂ ਦਾ ਇਨ.ਫੈਕਸ਼ਨ



ਬੱਚਿਆਂ ਵਿੱਚ ਕੰਨ ਦੇ ਰਸਤੇ ਦਾ ਤੰਗ ਅਤੇ ਛੋਟਾ ਹੋਣ ਕਾਰਨ, ਬੱਚਿਆਂ ਵਿੱਚ ਕੰਨ ਦਾ ਇਨਫ਼ੈਕਸ਼ਨ ਜ਼ਿਆਦਾ ਪਾਇਆ ਜਾਂਦਾ ਹੈ । ਬਹੁਤੇ ਛੋਟੇ ਬੱਚੇ ਜੋ ਅਜੇ ਬੋਲ ਨਹ ਸਕਦੇ, ਆਪਣੇ ਕੰਨ ਵਿੱਚ ਇਨਫ਼ੈਕਸ਼ਨ ਹੋਣ ਤੇ ਆਪਣੇ ਕੰਨ ਨੂੰ ਖਿੱਚਦੇ ਜਾਂ ਰੋਂਦੇ ਰਹਿੰਦੇ ਹਨ।

ਕਾਰਨ : ਜੀਵਾਣੂ (ਬੈਕਟੀਰੀਆ), ਵੀਸ਼ਾਣੂ (ਵਾਇਰਸ) ਅਤੇ ਜ਼ੁਕਾਮ (ਕੋਲਡ) ।

ਰੋਕਥਾਮ/ਬਚਾਅ :

1. ਬੱਚਿਆਂ ਨੂੰ ਬਿਠਾ ਕੇ ਖਿਲਾਓ, ਨਾ ਕਿ ਲਿਟਾ ਕੇ।
2. ਬੱਚੇ ਨੂੰ ਨੱਕ ਠੀਕ ਤਰੀਕੇ ਨਾਲ ਸਾਫ਼ ਕਰਨਾ ਸਿਖਾਓ।
3. ਖਾਣੇ ਤੋਂ ਪਹਿਲਾਂ ਹੱਥ ਸਾਫ਼ ਕਰੋ।
4. ਇਨ੍ਹਾਂ ਬੱਚਿਆਂ ਦੇ ਕੱਪੜੇ ਅਤੇ ਤੌਲੀਆ ਵਗੈਰਾ ਅਲੱਗ ਰੱਖੋ।

### ਘਰੇਲੂ ਇਲਾਜ

1. ਕੰਨ ਦੇ ਦਰਦ ਤੋਂ ਆਰਾਮ ਲਈ, ਕੰਨ ਨੂੰ ਸੇਕ ਦੇਵੋ।
2. ਬੱਚੇ ਨੂੰ ਜ਼ਿਆਦਾ ਆਰਾਮ ਕਰਨ ਦਿਓ।
3. ਬੱਚੇ ਨੂੰ ਪਾਣੀ ਜ਼ਿਆਦਾ ਪੀਓ।

### ਆਪਣੇ ਡਾਕਟਰ ਨੂੰ ਕਦੋਂ ਦਿਖਾਈਏ

1. ਕੰਨ ਦੇ ਇਨਫ਼ੈਕਸ਼ਨ ਦਾ ਇਲਾਜ ਜਲਦੀ ਕਰਵਾਓ, ਤਾਂ ਕਿ ਕੰਨ ਦੇ ਪਰਦੇ ਨੂੰ ਨੁਕਸਾਨ ਨਾ ਪਹੁੰਚੇ।
2. ਜੇਕਰ ਘੱਟ ਸੁਣਨ ਦੀ ਸ਼ੱਕ ਹੋਵੇ।
3. ਜੇਕਰ ਕੰਨ ਵਿੱਚ ਦਰਦ ਹੁੰਦਾ ਹੋਵੇ।
4. ਜਦੋਂ ਬੱਚਾ ਚੱਕਰ ਆਉਣ ਦੀ ਸ਼ਿਕਾਇਤ ਕਰੇ।

ਕੰਨ ਦੇ ਪਰਦੇ ਵਿੱਚ ਛੇਦ (ਪਰਫ਼ੋਰੇਸ਼ਨ) :

ਇਹ ਆਪਣੇ ਆਪ ਠੀਕ ਹੋ ਜਾਂਦਾ ਹੈ। ਜੇਕਰ ਛੇਦ ਵਾਰ-ਵਾਰ ਹੋਵੇ ਜਾਂ ਕੰਨ ਦੇ ਇਨਫ਼ੈਕਸ਼ਨ ਦਾ ਇਲਾਜ ਨਾ ਹੋਵੇ, ਤਾਂ ਇਹ ਪਰਦੇ ਦਾ ਛੇਦ ਹਮੇਸ਼ਾਂ ਲਈ ਰਹਿ ਸਕਦਾ ਹੈ।

## ਕੰਨਾਂ ਵਿੱਚ ਘੰਟੀਆਂ ਵੱਜਣੀਆਂ (ਟਿਨਾਈਟਸ)

ਆਮ ਤੌਰ 'ਤੇ ਕੰਨਾਂ ਵਿੱਚ ਘੰਟੀਆਂ ਵੱਜਣੀਆਂ ਅਸਥਾਈ ਤੌਰ 'ਤੇ ਕੁਝ ਮਿੰਟਾਂ ਲਈ ਹੀ ਹੁੰਦੀਆਂ ਹਨ, ਪਰ ਜੇਕਰ ਕਾਫ਼ੀ ਸਮੇਂ ਲਈ ਲਗਾਤਾਰ ਘੰਟੀਆਂ ਵੱਜਦੀਆਂ ਜਾਂ ਆਵਾਜ਼ਾਂ ਆਉਂਦੀਆਂ ਹਨ ਤਾਂ ਤੁਹਾਨੂੰ ਟਿਨਾਈਟਸ ਦੀ ਤਕਲੀਫ਼ ਹੋ ਸਕਦੀ ਹੈ।

### ਕਾਰਨ

1. ਕੰਨਾਂ ਦੇ ਅੰਦਰਲੇ ਹਿੱਸੇ ਵਿੱਚ ਨਸ ਨੂੰ ਨੁਕਸਾਨ ਪਹੁੰਚਣਾ।
2. ਕੰਨਾਂ ਵਿੱਚ ਜ਼ਿਆਦਾ ਮੈਲ ਦਾ ਹੋਣਾ।
3. ਕੰਨਾਂ ਦਾ ਇਨਫ਼ੈਕਸ਼ਨ।
4. ਦੰਦਾਂ ਦੀ ਤਕਲੀਫ਼।
5. ਦਵਾਈਆਂ-ਜਿਵੇਂ ਕਿ ਐਸਪੀਰਿਨ।
6. ਲੰਬੇ ਸਮੇਂ ਲਈ ਉੱਚੀ ਆਵਾਜ਼ ਜਾਂ ਰੌਲੇ ਦਾ ਸੁਣਨਾ।
7. ਸ਼ਰਾਬ, ਸਿਗਰਟ ਅਤੇ ਜ਼ਿਆਦਾ ਕੈਫ਼ੀਨ।

### ਰੋਕਥਾਮ/ਬਚਾਅ

1. ਜ਼ਿਆਦਾ ਉੱਚੀ ਆਵਾਜ਼ ਜਾਂ ਰੌਲੇ ਤੋਂ ਬਚੋ।
2. ਜ਼ਿਆਦਾ ਕੈਫ਼ੀਨ ਨਾ ਲਵੋ।
3. ਆਰਾਮ ਕਰਨ ਦੀ ਕੋਸ਼ਿਸ਼ ਕਰੋ, ਜ਼ਿਆਦਾ ਤਣਾਓ ਤਕਲੀਫ਼ ਨੂੰ ਵਧਾ ਸਕਦਾ ਹੈ।
4. ਜ਼ਿਆਦਾ ਐਸਪੀਰਿਨ ਨਾ ਲਵੋ।
5. ਇਨਫ਼ੈਕਸ਼ਨ ਦਾ ਇਲਾਜ ਜਲਦੀ ਕਰਵਾਓ।

ਆਪਣੇ ਡਾਕਟਰ ਨੂੰ ਜਲਦ ਤੋਂ ਜਲਦ ਦਿਖਾਓ, ਜੇਕਰ :

1. ਜੇ ਚੱਕਰ ਆਉਂਦੇ ਹੋਣ।
2. ਜੇ ਸੌਣ ਦੇ ਵਿੱਚ ਦਿੱਕਤ ਹੋਵੇ।
3. ਜੇ ਇਹ ਸਿਰਫ਼ ਇੱਕ ਕੰਨ ਵਿੱਚ ਹੈ।



## ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਉਤਸਵ ਦੀਆਂ ਸਮੂਹ ਸੰਗਤਾਂ ਨੂੰ

# ਲੱਖ ਲੱਖ ਵਧਾਈਆਂ !

# TAX PRO

## Accounting Inc.



- Accounting & Auditing
- Income Tax
- Corporate & Personal
- WCB • GST/HST • Payroll

- ਅਕਾਊਂਟਿੰਗ ਅਤੇ ਆਡਿਟਿੰਗ
- ਇਨਕਮ ਟੈਕਸ • ਪੇਰੋਲ
- ਕਾਰਪੋਰੇਟ ਅਤੇ ਪਰਸਨਲ ਟੈਕਸ
- WCB • GST/HST

**Talwinder Athwal**
Accountant

10+ Years Experience

**604-506-7545**

**#218 - 13588 88 Ave., Surrey , BC**
**Email: taxproaccounting@mail.com**

# ORACLE IMMIGRATION
## CONSULTANCY INC.

*We Provide All Kinds Of Immigration Services*

- ਐਲ.ਐਮ ਆਈ ਏ
- ਪੀ.ਐਨ.ਪੀ
- ਐਕਸਪ੍ਰੈਸ ਐਂਟਰੀ
- ਸਟੱਡੀ ਪਰਮਿਟ
- ਵਰਕ ਪਰਮਿਟ
- ਸੁਪਰ ਵੀਜ਼ਾ
- ਵਿਜ਼ਟਰ ਵੀਜ਼ਾ
- ਫੈਮਲੀ ਸਪਾਂਸਰਸ਼ਿਪ
- ਪੀ.ਆਰ • ਸਿਟੀਜ਼ਨਸ਼ਿਪ

- LMIA • PNP
- Express Entry
- Student Visa
- Study Permit
- Work Permit
- Visitor Visa
- Super Visa
- Family Sponsorship
- Permanent Resident
- Citizenship

**Bal Athwal: 604-506-8900**
**#215 - 13588 88 Ave., Surrey , BC**


ਸ੍ਰੀ ਗੁਰੂ ਨਾਨਕ ਦੇਵ ਜੀ ਦੇ
ਪ੍ਰਕਾਸ਼ ਉਤਸਵ ਦੀਆਂ ਸਮੂਹ ਸੰਗਤਾਂ
ਨੂੰ ਲੱਖ-ਲਖ ਵਧਾਈਆਂ
For All Your
Real Estate Needs
Call: Kulvir Sahota
PLANET GROUP
REALTY INC.
Planet Group Realty Inc.
#266-8128 128 Street,
Surrey, BC V3W 1R1
Tel: 604-572-1008
sahotakulvir@gmail.com
KULVIR SAHOTA
778.863.2472

# Gold Key INSURANCE

**Number 1 in the Community for 25 Years.**

Explore Your Options

## Home | Condo | Rental | Tenants
## Business | CGL Liability | Property
## Trucking | Cargo | Fleet |Equipment
## Construction | Contractor | Farm
## Travel | Super Visa | Medical
## Auto | Marine | Motorcycle
## and much more..

We guarantee the best Home and Business Insurance prices. Call now mention LINK NEWSPAPER and ask about our special rates, providing multiple quotes fast, saving you hundreds of $$$$.

# TEL : 604 502 0441

ICBC Online and Delivery available.

ਪੰਜਾਬੀ

हिंदी

| | | | |
|---|---|---|---|
| **SURREY**<br>**(604) 502 - 0441**<br>FAX (604) 502-0417 | 5-8430 128TH ST.<br>SURREY, BC<br>V3W 4G3 | MON-FRI<br>SATURDAY<br>SUNDAY | 8 AM - 8 PM<br>9 AM - 6 PM<br>9 AM - 5 PM |
| **VANCOUVER**<br>**(604) 325 - 1241**<br>FAX (604) 325-1414 | 4038 KNIGHT ST.<br>VANCOUVER, BC<br>V5N 5Y7 | MON-FRI<br>SATURDAY<br>SUNDAY | 9 AM - 8 PM<br>9 AM - 5 PM<br>9 AM - 5 PM |

**OPEN 7 DAYS**

ICBC **autoplan** www.goldkeyinsurance.ca


fruiticana hee jaana!
Your one and only Punjabi neighbourhood store Since 1994
੧੯੯੪ ਤੋਂ ਤੁਹਾਡਾ ਅਪਣਾ ਇੱਕੋ ਇੱਕ ਪੰਜਾਬੀ ਨੇਬਰਹੁੱਡ ਸਟੋਰ
LOWEST PRICES IN TOWN
UNBEATABLE EXTRA SUPER SPECIAL
Yellow Onions 50 lbs
ਪੀਲੇ ਗੰਢੇ
YELLOW ONIONS
$13.99 bag
EXTRA SUPER SUPER SPECIAL
Cilantro
ਧਣੀਆ
2 bunches for 99¢
Spinach
ਪਾਲਕ
$1.29 bunch
SUPER SPECIAL
Desi Karela
ਦੇਸੀ ਕਰੇਲਾ
$1.99 lb
SUPER SPECIAL
Walnuts in Shell
ਸਾਬਤ ਅਖਰੋਟ
$2.99 lb
Red Lentil Whole, Red Lentil Split & Black Chana 4 lbs (Indican)
ਧੋਤੀ ਮਸਰਾਂ ਦੀ ਦਾਲ
ਮਸਰਾ ਦੀ ਸਾਬਤ ਦਾਲ, ਕਾਲੇ ਛੋਲੇ
( ਇੰਡੀਕੈਨ )
$3.98 bag
Long English Cucumber
ਲੰਬੇ ਇੰਗਲਿਸ਼ ਖੀਰੇ
2 for $1.50
SUPER SPECIAL
Jumbo Cauliflower Size 9
ਵੱਡਾ ਗੋਬੀ ਦਾ ਫੁੱਲ ਸਾਈਜ਼ ੯
$2.99 ea.
SUPER SPECIAL
Red Delicious Apples USA #1
ਲਾਲ ਸਵਾਦ ਸੇਬ ਯੂ.ਐਸ. #੧
88¢ lb
Red Lentil Split
ਧੋਤੀ ਮਸਰਾਂ ਦੀ ਦਾਲ
88¢ lb
Masala Gur 2 lbs Shell
ਮਸਾਲਾ ਗੁੜ
$2.99 pkg.
SUPER SPECIAL
Zucchini Squash
ਜ਼ੁਕੀਨੀ ਸਕੁਐਸ਼
99¢ lb
SUPER SPECIAL
Bartlett Pears
ਅੰਜੂ ਨਾਸਪਤੀ
99¢ lb
Tata Tea 220's
ਟਾਟਾ ਚਾਹ
$5.99 box
Almonds #1
ਬਦਾਮ #੧
$3.99 lb
Russet Potatoes Snoboy 10 lbs
ਆਲੂ ਰਸਟ ਸਨੋਬੁਆਏ
$3.98 bag
Rapini (Sarson da Saag)
ਸਰਸੋਂ ਦਾ ਸਾਗ
$2.98 bunch
Red Lentil Whole
ਮਸਰਾ ਦੀ ਸਾਬਤ ਦਾਲ
78¢ lb
Swarna Chakki Atta 20 lbs
ਸਵਰਨਾ ਚੱਕੀ ਅੱਟਾ
$17.99 bag
Green, Red, Yellow & Orange Peppers BC
ਸ਼ਿਮਲਾ ਮਿਰਚਾਂ
(ਹਰੀਆਂ,ਲਾਲ.ਪੀਲੀਆਂ ਅਤੇ ਸੰਤਰੀ)
99¢ lb
Gala Apples US #1
ਗਾਲਾ ਸੇਬ ਯੂ.ਐਸ. #੧
99¢ lb
Almond Oil 1 L (Indican)
ਇੰਡੀਕੈਂਨ ਬਦਾਮ ਦਾ ਤੇਲ
$12.99 bottle
Fri Dec 01, 2023 - Wed Dec 06, 2023
We reserve the right to limit the quantities while they last
Specials valid for Lower Mainland only
Product images may differ from the actual product.
22 LOCATIONS TO SERVE YOU IN BC & ALBERTA
Head Office: 7676 Anvil Way, Surrey
604-502-0005
fruiticana SINCE 1994
BUSINESS HOURS 9 AM - 8 PM 7 DAYS A WEEK
Newton ---------- 13783 72nd Ave. Surrey ---- 604-590-2080
Newton ---------- 13174 64th Ave. Surrey ----- 604-598-9220
Scott Road ------ 12047 80th Ave. Surrey ----- 604-591-5032
Scott Road ------ 104-7028 120th St. ---------- 604-590-8864
Cedar Hills ------ 12867 96th Ave. Surrey ----- 604-588-6620
Fleetwood ------- 101-15933 Fraser Hwy ------ 604-593-5163
Fleetwood ------- 15230 84 Ave. ---------------- 236-317-6272
Surrey ----------- 12990 72nd Ave. ------------- 604-503-5510
Surrey ----------- 12788 76A Ave. Surrey ----- 604-597-1676
Surrey ----------- 16788 64 Ave. ---------------- 604-372-2023
Surrey ----------- 101-7228 192St. -------------- 604-575-3750
New Westminster 101-331 6th St. -------------- 604-395-3595
Abbotsford------ 2785 Bourquin Crescent W. 604-744-0328
Abbotsford ------ 31205 Maclure Rd. ----------- 604-504-5877
Port Coquitlam 2807 Shaughnessy St.------ 604-464-0822
Vancouver ------- 6257 Fraser St. -------------- 604-321-9931
Richmond------- 4101 No.5 Rd.---------------- 604-244-9520